Vide R.N.I. No. Pun-Pun 2002/8323

ASR/0001/2021/23

ੴ ਸਤਿਗੁਰ ਪ੍ਰਸਾਦਿ ।।

ਸਚੀ ਤੇਰੀ ਸਿਫਤਿ ਸਚੀ ਸਾਲਾਹ ॥ ਸਚੀ ਤੇਰੀ ਕੁਦਰਤਿ ਸਚੇ ਪਾਤਿਸਾਹ ॥

ਭੇਟਾ: 25/-

ਧੰਨ ਧੰਨ ਮਾਤਾ ਕੌਲਾਂ ਜੀ

# ਸਿਫਤਿ ਸਾਲਾਹ

ਨਿਰੋਲ ਧਾਰਮਿਕ ਪੱਤ੍ਰਿਕਾ

ਅੰਕ: 141

D.O.P. 15 Oct. 2021

ਜਿੰਨਾ ਅਦਬ ਤੁਸੀਂ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਕਰੋਗੇ, ਉਸ ਤੋਂ ਦਸ ਗੁਣਾਂ ਵੱਧ ਅਦਬ ਦੁਨੀਆਂ ਉੱਤੇ ਤੁਹਾਡਾ ਹੋਵੇਗਾ।



ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਗੁਰੂਆਂ ਦੇ ਗੁਰੂ ਹਨ ਕਿਉਂਕਿ ਇਨ੍ਹਾਂ ਨੂੰ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਨਮਸਕਾਰ ਕਰਕੇ ਪੂਰੀ ਮਰਿਆਦਾ ਨਾਲ ਗੁਰਗੱਦੀ ਬਖਸ਼ੀ ਹੈ।

# ਗੁਰਸਿੱਖ ਅਫਸਰ ਜਿਨ੍ਹਾਂ ਨੇ ਵੱਡਿਆਂ ਅਹੁਦਿਆਂ ਤੇ ਹੁੰਦਿਆਂ ਹੋਇਆਂ ਸਿੱਖੀ ਸਰੂਪ ਨੂੰ ਸੰਭਾਲਿਆ

ਫਿਰੋਜ਼ਪੁਰ ਦੇ ਗੁ: ਸ੍ਰੀ ਸਾਰਾਗੜ੍ਹੀ ਸਾਹਿਬ ਵਿਖੇ ਬੀਬੀ ਕੌਲਾਂ ਜੀ ਭਲਾਈ ਕੇਂਦਰ ਟਰੱਸਟ ਅੰਮ੍ਰਿਤਸਰ ਦੇ ਮੁੱਖ ਸੇਵਾਦਾਰ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਵੱਲੋਂ ਦਿੱਤੇ ਆਦੇਸ਼ ਤਹਿਤ ਫਿਰੋਜ਼ਪੁਰ ਜ਼ਿਲ੍ਹੇ ਤੋਂ ਸੰਬੰਧਿਤ ਉਨ੍ਹਾਂ ਗੁਰਸਿੱਖ ਅਫਸਰਾਂ ਨੂੰ ਸਨਮਾਨਿਤ ਕੀਤਾ ਗਿਆ ਜਿਨ੍ਹਾਂ ਸਰਕਾਰੀ ਅਹੁਦੇ ਤੇ ਹੁੰਦਿਆਂ ਹੋਇਆਂ ਸਿੱਖੀ ਸਰੂਪ ਸੰਭਾਲ ਕੇ ਰੱਖਿਆ ਹੈ। ਗੁ: ਸ੍ਰੀ ਸਾਰਾਗੜ੍ਹੀ ਸਾਹਿਬ ਦੇ ਮੁੱਖ ਸੇਵਾਦਾਰ ਭਾਈ ਸਾਹਿਬ ਭਾਈ ਬਲੰਮਬਰ ਸਿੰਘ ਜੀ ਤੇ ਭਾਈ ਹਰਜੀਤ ਸਿੰਘ ਜੀ ਵੱਲੋਂ ਇਨ੍ਹਾਂ ਗੁਰਸਿੱਖ ਅਫਸਰਾਂ ਨੂੰ ਸਨਮਾਨ ਦਿੱਤਾ ਗਿਆ।











ਸਨਮਾਨ ਲੈਣ ਵਾਲੇ ਗੁਰਸਿੱਖ ਅਫ਼ਸਰ ਸ੍ਰ. ਕੁਲਬੀਰ ਸਿੰਘ ਸੋਢੀ, ਸ੍ਰ. ਮਨਜੀਤ ਸਿੰਘ, ਸ੍ਰ. ਗੁਰਨਾਮ ਸਿੰਘ, ਸ੍ਰ. ਸੁਖਪਾਲ ਸਿੰਘ, ਸ੍ਰ. ਗੁਰਵਿੰਦਰ ਸਿੰਘ ਨਾਲ ਖੜ੍ਹੇ ਹਨ ਹਰਜੀਤ ਸਿੰਘ ਸੇਵਾਦਾਰ, ਭਾਈ ਸਾਹਿਬ ਭਾਈ ਬਲੰਮਬਰ ਸਿੰਘ (ਹੈੱਡ ਗ੍ਰੰਥੀ ਗੁ: ਸਾਰਾਗੜ੍ਹੀ ਸਾਹਿਬ), ਤਰਲੋਕ ਸਿੰਘ (ਸੈਕਟਰੀ ਖਾਲਸਾ ਗੁਰਦੁਆਰਾ ਕੈਂਟ), ਸ਼ਮਸ਼ੇਰ ਸਿੰਘ ਸੰਧੂ (ਪ੍ਰਧਾਨ ਵੈਲਫੇਅਰ ਸੁਸਾਇਟੀ ਫਿਰੋਜ਼ਪੁਰ)।

Asr. G.P.O.No. PB0001/ 2021-23

ੴ ਸਤਿਗੁਰ ਪ੍ਰਸਾਦਿ।।

ਅੰਕ-141ਵਾਂ (2021)

ਧੰਨ ਧੰਨ ਮਾਤਾ ਕੌਲਾਂ ਜੀ

# ਸਿਫਤਿ ਸਾਲਾਹ

ਨਿਰੋਲ ਧਾਰਮਿਕ ਪੱਤ੍ਰਿਕਾ

E-mail : sifitsalah@yahoo.com
Website : www.bibikaulanjibhalaikendertrust.org

**ਸਰਪ੍ਰਸਤ**
ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ

**ਮੁੱਖ ਸੰਪਾਦਕ**
ਭਾਈ ਹਰਵਿੰਦਰ ਪਾਲ ਸਿੰਘ ਲਿਟਲ

**ਸਹਾਇਕ ਸੰਪਾਦਕ**
ਭਾਈ ਹਰਵਿੰਦਰ ਸਿੰਘ (ਡੀ ਸੀ)

**ਸੰਪਾਦਕੀ ਬੋਰਡ**
ਭਾਈ ਤੇਜਪਾਲ ਸਿੰਘ, ਭਾਈ ਪਾਲ ਸਿੰਘ, ਭਾਈ ਜਸਵਿੰਦਰ ਸਿੰਘ (ਪਟਿਆਲਾ)
ਬੀਬੀ ਪਰਮਜੀਤ ਕੌਰ (ਪੰਮਾ ਭੈਣ ਜੀ), ਭਾਈ ਅੰਮ੍ਰਿਤਪਾਲ ਸਿੰਘ, ਸ. ਕਮਲਪ੍ਰੀਤ ਸਿੰਘ
ਸ. ਕੁਲਬੀਰ ਸਿੰਘ (ਸਿਵਲ ਲਾਈਨ ਵਾਲੇ), ਸ. ਹਰਮਿੰਦਰ ਸਿੰਘ, ਸ. ਰਮਿੰਦਰ ਸਿੰਘ

**ਐਡਵੋਕੇਟ**
ਸ. ਸੁਰਿੰਦਰ ਸਿੰਘ ਕੰਵਰ

**ਸਲਾਹਕਾਰ**
ਸ. ਟਹਿਲਇੰਦਰ ਸਿੰਘ

**ਵਿਸ਼ੇਸ਼ ਸਹਿਯੋਗ**
ਸ. ਹਰਭਜਨ ਸਿੰਘ ਲੁਧਿਆਣਾ
ਸ. ਕੰਵਲਜੀਤ ਸਿੰਘ, ਦਿੱਲੀ

**ਪ੍ਰਕਾਸ਼ਕ**
ਗੁਰਮਤਿ ਸਤਿਸੰਗ ਸਭਾ
ਧੰਨ ਧੰਨ ਬੀਬੀ ਕੌਲਾਂ ਜੀ (ਰਜਿ.)
ਸ੍ਰੀ ਅੰਮ੍ਰਿਤਸਰ।

ਕੰਪਿਊਟਰ: ਸਿਫਤਿ ਸਾਲਾਹ ਦਫਤਰ

ਨਾਮ :- ਧੰਨ ਧੰਨ ਮਾਤਾ ਕੌਲਾਂ ਜੀ ਸਿਫਤਿ ਸਾਲਾਹ
ਖਾਤਾ ਨੰ. 55031111026 ਬੈਂਕ :- ਸਟੇਟ ਬੈਂਕ ਆਫ ਇੰਡੀਆ
IFSC ਕੋਡ ਨੰ. SBIN0050245
ਬ੍ਰਾਂਚ :- ਚਾਟੀਵਿੰਡ ਚੌਂਕ, ਅੰਮ੍ਰਿਤਸਰ।

**ਚੰਦਾ**

| ਦੇਸ਼ | | ਵਿਦੇਸ਼ | |
|---|---|---|---|
| ਸਲਾਨਾ ਚੰਦਾ | 150 ਰੁ. | ਸਲਾਨਾ ਚੰਦਾ | 1200 ਰੁ. |
| 2 ਸਾਲ ਲਈ | 300 ਰੁ. | 2 ਸਾਲ ਲਈ | 2400 ਰੁ. |
| 5 ਸਾਲ ਲਈ | 600 ਰੁ. | 5 ਸਾਲ ਲਈ | 4800 ਰੁ. |
| ਲਾਈਫ ਮੈਂਬਰਸ਼ਿਪ | 2400 ਰੁ. | ਲਾਈਫ ਮੈਂਬਰਸ਼ਿਪ | 19200 ਰੁ. |

**ਚਿੱਠੀ-ਪੱਤਰ ਅਤੇ ਚੰਦਾ ਭੇਜਣ ਦਾ ਪਤਾ**

ਦਫਤਰ: ਸਿਫਤਿ ਸਾਲਾਹ, ਬੀਬੀ ਕੌਲਾਂ ਜੀ ਭਲਾਈ ਕੇਂਦਰ (ਟਰੱਸਟ)
ਤਰਨ ਤਾਰਨ ਰੋਡ, ਸ੍ਰੀ ਅੰਮ੍ਰਿਤਸਰ-143006 ਫੋਨ : 98765-25850

## ਤਤਕਰਾ

ਸੰਪਾਦਕੀ 4
ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ ਵਿੱਚੋਂ
ਸੋਲ੍ਹਵਾਂ ਭਾਗ- ਧੰਨ ਧੰਨ ਮਾਤਾ ਮਨਸਾ ਦੇਈ ਜੀ 5
ਜ਼ਿੰਦਗੀ ਦੀਆਂ ਬਰੀਕੀਆਂ 17
ਆਪਿ ਮੁਕਤੁ ਮੁਕਤ ਕਰੈ ਸੰਸਾਰੁ ॥ 19
ਸਿੱਖ ਨੇ ਕੰਮ ਕਰਦੇ ਹਿਰਦੇ ਵਿੱਚ
ਕਰਤਾਰ ਦੀ ਸੰਭਾਲ ਕਿਵੇਂ ਕਰਨੀ ਹੈ? 21
ਨੌਵੇਂ ਪਾਤਸ਼ਾਹ ਜੀ ਦੇ ਸਲੋਕਾਂ ਦੀ ਵਿਚਾਰ 30
ਅਧਿਆਤਮਿਕ ਵਿਚਾਰਾਂ 33
400 ਸਾਲ ਗੁਰ ਇਤਿਹਾਸ ਦੇ ਨਾਲ 34
ਜੀਵਨ ਇਲਾਹੀ ਜੋਤ ਧੰਨ ਧੰਨ ਬਾਬਾ ਨੰਦ ਸਿੰਘ ਜੀ 36
ਅਨਮੋਲ ਬਚਨ 38
जीवित माता–पिता को पूछते ना पानी,
मृतकों के श्राद्ध करते 39
गुरु साथ कैसे जाता है? 46
Dedicated to the coronation Day of
Sri Guru Granth Sahib Ji 54
ਰਸਾਲਾ ਬੁੱਕ ਕਰਵਾਉਣ ਵਾਸਤੇ ਪਾਠਕਾਂ ਨੂੰ ਜ਼ਰੂਰੀ ਬੇਨਤੀ 62

*ਨੋਟ :* ਸਿਫਤਿ ਸਾਲਾਹ ਵਿੱਚ ਛਪੇ ਲੇਖ ਤੇ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਆਪਣੇ ਹਨ, ਸੰਪਾਦਕੀ ਬੋਰਡ ਸਿਫਤਿ ਸਾਲਾਹ ਦਾ ਇਨ੍ਹਾਂ ਵਿਚਾਰਾਂ ਦੇ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। *-ਸੰਪਾਦਕ*

## ਸੰਪਾਦਕੀ...

ਗੁਰੂ ਕੀ ਪਿਆਰੀ ਸਾਧ ਸੰਗਤ ਜੀ,

**ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਹਿ ॥**

ਜਿਵੇਂ-ਜਿਵੇਂ ਮੋਬਾਇਲ ਤੇ ਇਨਸਾਨ ਦੀ ਨਿਰਭਰਤਾ ਵਧਦੀ ਜਾ ਰਹੀ ਹੈ, ਤਿਵੇਂ-ਤਿਵੇਂ ਉਸ ਦੇ ਅੰਦਰ ਖਿੰਡਾਓ ਦੀ ਬਿਰਤੀ ਵੀ ਬਹੁਤ ਵਧਦੀ ਜਾ ਰਹੀ ਹੈ। ਮੋਬਾਇਲ ਦਾ ਹੋਣਾ ਜਾਂ ਇਸ ਦੀ ਵਰਤੋਂ ਕੋਈ ਮਾੜੀ ਨਹੀਂ, ਇਨਸਾਨੀ ਦਿਮਾਗ ਦੀ ਇੱਕ ਬਿਹਤਰੀਨ ਉਪਜ ਹੈ ਪਰ ਹੱਦੋਂ ਵੱਧ ਇਸ ਦਾ ਪ੍ਰਯੋਗ ਅਤੇ ਇਸ ਤੇ ਪਰੋਸੀ ਜਾ ਰਹੀ ਗਲਤ ਸਮੱਗਰੀ ਬਹੁਤ ਹੀ ਚਿੰਤਾ ਦਾ ਵਿਸ਼ਾ ਹੈ। ਖਾਸ ਕਰਕੇ ਬੱਚਿਆਂ ਵਿੱਚ ਮੋਬਾਇਲਾਂ ਦੀ ਵਧਦੀ ਪ੍ਰਵਿਰਤੀ ਸੋਚਣ ਦਾ ਵਿਸ਼ਾ ਹੈ। ਸਮੇਂ ਦੇ ਨਾਲ ਜੇ ਸੁਚੇਤ ਨਾ ਹੋਇਆ ਗਿਆ ਤਾਂ ਇਸ ਦੇ ਕੋਈ ਸਾਰਥਕ (ਚੰਗੇ) ਨਤੀਜੇ ਸਾਹਮਣੇ ਨਹੀਂ ਆਉਣਗੇ। ਇੱਕ ਵਾਰ ਮੋਬਾਇਲ ਤੇ ਕੋਈ ਗਲਤ ਸਾਈਟ ਖੁੱਲ੍ਹ ਜਾਂਦੀ ਹੈ ਤੇ ਫਿਰ ਅੱਗੋਂ ਉਸ ਦੀਆਂ ਕਿੰਨੀਆਂ ਹੀ ਗਲਤ ਸਾਈਟਾਂ ਖੁੱਲ੍ਹਦੀਆਂ ਜਾਂਦੀਆਂ ਹਨ। ਸਾਰੇ ਦਿਨ ਦੀ ਕੀਤੀ ਹੋਈ ਬੰਦਗੀ, ਜਪਿਆ ਹੋਇਆ ਨਾਮ, ਇਨ੍ਹਾਂ ਗਲਤ ਸਾਈਟਾਂ ਨੂੰ ਦੇਖਣ ਕਾਰਨ ਨਾਲ ਹੀ ਡੁੱਲ੍ਹ ਜਾਂਦਾ ਹੈ ਤੇ ਕਿੰਨੀਆਂ ਪਾਪ ਦੀਆਂ ਪੰਡਾਂ ਸਿਰ ਤੇ ਚੜ੍ਹ ਜਾਂਦੀਆਂ ਹਨ। ਧੰਨ ਸ੍ਰੀ ਗੁਰੂ ਅੰਗਦ ਦੇਵ ਜੀ ਮਹਾਰਾਜ ਦਾ ਇੱਕ ਬਹੁਤ ਹੀ ਕੀਮਤੀ ਸਲੋਕ ਹੈ। ਮਹਾਰਾਜ ਜੀ ਗੁਰਬਾਣੀ ਰਾਹੀ ਸੋਝੀ ਬਖਸ਼ਦੇ ਹਨ:

***ਅਖੀ ਬਾਝਹੁ ਵੇਖਣਾ ਵਿਣੁ ਕੰਨਾ ਸੁਨਣਾ ॥ ਪੈਰਾ ਬਾਝਹੁ ਚਲਣਾ ਵਿਣੁ ਹਥਾ ਕਰਣਾ ॥***

***ਜੀਭੈ ਬਾਝਹੁ ਬੋਲਣਾ ਇਉ ਜੀਵਤ ਮਰਣਾ ॥ ਨਾਨਕ ਹੁਕਮੁ ਪਛਾਣਿ ਕੈ ਤਉ ਖਸਮੈ ਮਿਲਣਾ ॥੧॥***

***(ਅੰਗ ੧੩੯)***

ਹੁਣ ਗੁਰੂ ਸਾਹਿਬ ਇਨ੍ਹਾਂ ਪਾਵਨ ਪੰਕਤੀਆਂ ਰਾਹੀਂ ਕੀ ਸੋਝੀ ਬਖਸ਼ਦੇ ਹਨ, ਉਹ ਕੁਝ ਵੇਖ, ਉਹ ਕੁਝ ਸੁਣ ਜਿਸ ਨਾਲ ਤੇਰੀ ਬਿਰਤੀ ਖਿੰਡੇ ਨਾ, ਤੂੰ ਗੁਰਮਤਿ ਦੇ ਦਾਇਰੇ ਵਿੱਚ ਰਹਿ ਸਕੇ। ਜਪਿਆ ਹੋਇਆ ਨਾਮ, ਕੀਤੀ ਹੋਈ ਬੰਦਗੀ ਸੰਭਾਲੀ ਜਾਵੇ। ਮਹਾਂਪੁਰਸ਼ ਬਚਨ ਕਰਦੇ ਸਨ, **"ਨਾਮ ਜਪਣਾ ਔਖਾ ਹੈ, ਭਗਤੀ ਕਰਨੀ ਔਖੀ ਹੈ ਪਰ ਸੰਭਾਲਣੀ ਉਸ ਤੋਂ ਵੀ ਔਖੀ ਹੈ। ਸੰਭਾਲਣ ਵਾਲਾ ਹੀ ਅਸਲੀ ਮਰਦ ਹੈ।"** ਬੱਝਵੀਂ ਭਗਤੀ ਦੀ ਲੋੜ ਹੈ। ਬੱਝਵੀਂ ਭਗਤੀ ਨਹੀਂ ਹੋਵੇਗੀ ਤੇ ਫਿਰ ਰਸ ਤੱਕ ਕਿਵੇਂ ਪਹੁੰਚਾਂਗੇ। ਜਪੁਜੀ ਸਾਹਿਬ ਦਾ ਪਾਠ ਕਰ ਰਹੇ ਹਾਂ ਤੇ ਨਾਲ ਮੋਬਾਇਲ ਤੇ ਕੁਝ ਨਾ ਕੁਝ ਵੇਖ ਰਹੇ ਹਾਂ ਤੇ ਬਿਰਤੀ ਖਿੰਡਾਓ ਵਿੱਚ ਹੀ ਰਹੇਗੀ। ਮਹਾਰਾਜ ਜੀ ਕਹਿੰਦੇ, **"ਬਾਣੀ ਇਸ ਢੰਗ ਨਾਲ ਪੜ੍ਹ ਕਿ ਤੂੰ ਬਾਣੀ ਪੜ੍ਹੇ ਤੇਰੇ ਕੰਨ ਸੁਣਦੇ ਹੋਣ"** ਤੇ ਫਿਰ ਕੀ ਅਵਸਥਾ ਬਣੇਗੀ:

***ਸੁਣਿਐ ਦੂਖ ਪਾਪ ਕਾ ਨਾਸੁ ॥*** ***(ਸ੍ਰੀ ਜਪੁਜੀ ਸਾਹਿਬ)***

ਕਈ ਐਸੇ ਵੀ ਗੁਰਮੁੱਖ ਪਿਆਰੇ ਹਨ, ਗੁਰਮੁੱਖ ਬੀਬੀਆਂ ਹਨ ਜਿਨ੍ਹਾਂ ਨੇ ਆਪਣੇ ਤੇ ਸਮੇਂ ਅਨੁਸਾਰ ਬੈਨ ਲਗਾਇਆ ਹੋਇਆ ਹੈ, ਮਹੀਨੇ ਵਿੱਚ ਇੱਕ ਦਿਨ ਜਾਂ ਹਫਤੇ ਵਿੱਚ ਇੱਕ ਦਿਨ ਮੋਬਾਇਲ ਸਵਿੱਚ ਆਫ ਕਰ ਦਿੰਦੇ ਹਨ ਤੇ ਫਿਰ ਸਵੇਰ ਤੋਂ ਸ਼ਾਮ ਤੱਕ ਜਪੁਜੀ ਸਾਹਿਬ ਜਾਂ ਹੋਰ ਬਾਣੀ ਦੇ ਵੱਧ ਤੋਂ ਵੱਧ ਪਾਠ ਕਰਨ ਦਾ ਅਭਿਆਸ ਕਰਦੇ ਹਨ। ਕਦੀ 21 ਪਾਠ, ਕਦੀ 51 ਪਾਠ ਤੇ ਕਦੀ 84 ਪਾਠ। ਰਸ ਹੀ ਇਸ ਦਾ ਹੈ। ਅਸਲੀ ਵਪਾਰ ਹੀ ਇਹ ਹੈ।

ਇਸ ਲਈ ਸਾਇੰਸ ਦੇ ਜਿਹੜੇ ਆਧੁਨਿਕ ਸਾਧਨ ਹੋਂਦ ਵਿੱਚ ਆ ਰਹੇ ਹਨ, ਇਨ੍ਹਾ ਦਾ ਸਦਉਪਯੋਗ ਕਰਦਿਆਂ ਉਹ ਕੁਝ ਵੇਖੀਏ, ਉਹ ਕੁਝ ਸੁਣੀਏ ਜਿਸ ਨਾਲ ਗੁਰੂ ਦੀ ਯਾਦ ਆਵੇ, ਜਿਸ ਨਾਲ ਗੁਰੂ ਪ੍ਰਤੀ ਪ੍ਰੇਮ ਵਧੇ, ਪ੍ਰੀਤ ਦੀ ਡੋਰੀ ਹੋਰ ਪਰਪੱਕ ਹੋਵੇ। ਇੰਨੀ ਕੁ ਬੇਨਤੀ ਪ੍ਰਵਾਨ ਕਰਨੀ ਜੀ।

**ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਹਿ ॥**

***—ਸੰਪਾਦਕ***

# ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ ਵਿੱਚੋਂ ਸੌਲ੍ਹਵਾਂ ਭਾਗ- ਧੰਨ ਧੰਨ ਮਾਤਾ ਮਨਸਾ ਦੇਈ ਜੀ

## ਸਾਂਝੇ ਪਰਿਵਾਰ ਵਿੱਚ ਚੱਲਣ ਲਈ ਕਿਹੜੀਆਂ ਗੱਲਾਂ ਦਾ ਧਿਆਨ ਰੱਖੀਏ?

ਆਪ ਸਭ ਸੰਗਤਾਂ ਦੀ ਅਸੀਸ ਅਤੇ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੀ ਪ੍ਰੇਰਨਾ ਨਾਲ ਸਿਫਤਿ ਸਾਲਾਹ ਰਸਾਲੇ ਵਿੱਚ ਲੜੀਵਾਰ ਪ੍ਰਕਰਨਾਂ ਦੀ ਸੇਵਾ ਸਤਿਗੁਰੂ ਜੀ ਤਰਸ ਕਰਕੇ ਲੈ ਰਹੇ ਹਨ। 125 ਅੰਕ ਤੋਂ—"ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ" ਪ੍ਰਕਰਨ ਸਤਿਗੁਰੂ ਜੀ ਦੀ ਕ੍ਰਿਪਾ ਨਾਲ ਸ਼ੁਰੂ ਕੀਤਾ ਗਿਆ ਹੈ। ਇਸ ਅੰਕ ਵਿੱਚ ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ ਵਿੱਚੋਂ ਸੌਲ੍ਹਵਾਂ ਭਾਗ- ਧੰਨ ਧੰਨ ਮਾਤਾ ਮਨਸਾ ਦੇਈ ਜੀ ਦੇ ਜੀਵਨ ਦੇ ਕੁਝ ਅੰਸ਼ਾਂ ਦੀ ਵਿਚਾਰ ਸਤਿਗੁਰੂ ਜੀ ਆਪਣੀ ਰਹਿਮਤ ਕਰਕੇ ਆਪ ਹੀ ਸਿਰ 'ਤੇ ਹੱਥ ਰੱਖ ਕੇ ਕਰਵਾਉਣ।

***—ਸੰਪਾਦਕ***

*ਮ: ੧॥*

*ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ ॥*
*ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ ॥*
*ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ ॥*
*ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥*
*ਭੰਡਹੁ ਹੀ ਭੰਡੁ ਊਪਜੈ ਭੰਡੈ ਬਾਝੁ ਨ ਕੋਇ ॥*
*ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ ॥*
*ਜਿਤੁ ਮੁਖਿ ਸਦਾ ਸਾਲਾਹੀਐ ਭਾਗਾ ਰਤੀ ਚਾਰਿ ॥*
*ਨਾਨਕ ਤੇ ਮੁਖ ਊਜਲੇ ਤਿਤੁ ਸਚੈ ਦਰਬਾਰਿ ॥੨॥*

*(ਅੰਗ ੪੭੩)*

ਸਾਰੀ ਸੰਗਤ ਪੱਤੇ-ਪੱਤੇ ਵਿੱਚ ਵੱਸਣ ਵਾਲੇ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਪਿਆਰ ਵਿੱਚ ਆਖੋ ਸਤਿਨਾਮ ਸ੍ਰੀ ਵਾਹਿਗੁਰੂ। ਗੁਰੂ ਸਾਹਿਬ ਅੱਗੇ ਬੇਨਤੀਆਂ ਕਰਦੇ ਹੋਏ, ਨਾਲ ਇਹ ਵੀ ਸ਼ੁਕਰਾਨਾ ਕਰੋ ਕਿ ਸਤਿਗੁਰੂ ਜੀ ਨੇ ਆਪਣੀ ਪਿਆਰੀ ਸੰਗਤ ਦੀਆਂ ਘੜੀਆਂ ਬਖਸ਼ੀਆਂ ਹਨ। ਸੰਗਤ ਵਿੱਚ ਲੈ ਆਉਂਦਾ ਹੈ। ਇਹ ਵੀ ਉਸ ਦਾ ਸ਼ੁਕਰਾਨਾ ਹੈ ਕਿ ਜਿਹੜੀ ਉਸ ਨੇ ਬਿੱਧ ਬਣਾਈ ਹੈ। ਇਹ ਉਸ ਦੇ ਸ਼ੁਕਰਾਨੇ ਵਿੱਚ ਜਿਸ ਨੇ ਸੰਗਤ ਬਖਸ਼ੀ, ਸੰਗਤ ਦੀਆਂ ਘੜੀਆਂ ਬਖਸ਼ੀਆਂ, ਪਿਆਰ ਨਾਲ ਆਖੋ ਸਤਿਨਾਮ ਸ੍ਰੀ ਵਾਹਿਗੁਰੂ ਜੀ।

ਸੰਗਤ ਜੀ, ਇਹ ਇੱਕ ਪ੍ਰਕਰਨ ਦੀ ਮਹਾਰਾਜ ਜੀ ਸੇਵਾ ਲੈ ਰਹੇ ਹਨ। ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ। ਇਸ ਅੰਕ ਵਿੱਚ ਸੌਲ੍ਹਵੇਂ ਭਾਗ ਦੀ ਵਾਰੀ ਹੈ।

### ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ :

ਪਹਿਲੇ ਭਾਗ ਵਿੱਚ ਆਪ ਜੀ ਨੇ ਬੀਬੀ ਵੀਰੋ ਜੀ ਦੇ ਜੀਵਨ ਦੇ ਦਰਸ਼ਨ ਕੀਤੇ ਸਨ। ਦੂਸਰੇ ਭਾਗ

ਵਿੱਚ ਆਪ ਜੀ ਨੇ ਮਾਤਾ ਭਿਰਾਈ ਜੀ ਦੇ ਜੀਵਨ ਦੇ ਦਰਸ਼ਨ ਕੀਤੇ। ਤੀਸਰੇ ਭਾਗ ਵਿੱਚ ਮਾਤਾ ਖੀਵੀ ਜੀ, ਚੌਥੇ ਭਾਗ ਵਿੱਚ ਬੀਬੀ ਭਾਨੀ ਜੀ, ਪੰਜਵੇਂ ਭਾਗ ਵਿੱਚ ਬੇਬੇ ਨਾਨਕੀ ਜੀ, ਛੇਵੇਂ ਭਾਗ ਵਿੱਚ ਮਾਤਾ ਗੰਗਾ ਜੀ, ਸੱਤਵੇਂ ਭਾਗ ਵਿੱਚ ਮਾਤਾ ਸੁਲੱਖਣੀ ਜੀ, ਅੱਠਵੇਂ ਭਾਗ ਵਿੱਚ ਬੀਬੀ ਰਾਮੋ ਜੀ, ਨੌਂਵੇਂ ਭਾਗ ਵਿੱਚ ਬੀਬੀ ਕੌਲਾਂ ਜੀ, ਦਸਵੇਂ ਭਾਗ ਵਿੱਚ ਬੀਬੀ ਦੇਸਾਂ ਜੀ, ਗਿਆਰ੍ਹਵੇਂ ਭਾਗ ਵਿੱਚ ਧੰਨ ਧੰਨ ਮਾਤਾ ਗੁਜਰ ਕੌਰ ਜੀ, ਬਾਰ੍ਹਵੇਂ ਤੇ ਤੇਰ੍ਹਵੇਂ ਭਾਗ ਵਿੱਚ ਧੰਨ ਧੰਨ ਮਾਤਾ ਸਾਹਿਬ ਕੌਰ ਜੀ, ਚੌਦਵੇਂ ਭਾਗ ਵਿੱਚ ਧੰਨ ਧੰਨ ਮਾਤਾ ਭਾਗ ਕੌਰ ਜੀ (ਮਾਈ ਭਾਗੋ ਜੀ), ਪੰਦਰ੍ਹਵੇਂ ਭਾਗ ਵਿੱਚ ਰਾਣੀ ਮੈਣੀ ਜੀ ਦੇ ਜੀਵਨ ਦੇ ਦਰਸ਼ਨ ਕੀਤੇ ਹਨ। ਹੁਣ ਇਸ ਅੰਕ ਵਿੱਚ ਸੋਲ੍ਹਵੇਂ ਭਾਗ ਦੀ ਵਾਰੀ ਹੈ। ਅੱਜ ਅਸੀਂ ਜਿਨ੍ਹਾਂ ਦੇ ਦਰਸ਼ਨ ਕਰਨੇ ਹਨ, ਉਨ੍ਹਾਂ ਦਾ ਨਾਂ ਹੈ:

***ਧੰਨ ਧੰਨ ਮਾਤਾ ਮਨਸਾ ਦੇਈ ਜੀ।***

ਮਾਤਾ ਜੀ ਦਾ ਕਿਸ ਤਰ੍ਹਾਂ ਦਾ ਜੀਵਨ ਸੀ, ਸਿਰ ਤੇ ਹੱਥ ਰੱਖ ਕੇ ਸੇਵਾ ਲੈਣੀ। ਇੱਕ ਵਾਰੀ ਪੰਕਤੀ ਬੋਲੋ ਤੇ ਫਿਰ ਮਹਾਰਾਜ ਜੀ, ਮਾਤਾ ਮਨਸਾ ਦੇਈ ਜੀ ਦੇ ਜੀਵਨ ਬਾਰੇ ਸੇਵਾ ਲੈਣ।

***ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥***

*(ਅੰਗ ੪੭੩)*

ਮਾਤਾ ਮਨਸਾ ਦੇਈ ਜੀ, ਲਫਜ਼ਾਂ ਵੱਲ ਧਿਆਨ ਦੇਣਾ। ਮਾਤਾ ਮਨਸਾ ਦੇਈ ਜੀ ਉਹ ਖੁਸ਼ਕਿਸਮਤ ਮਾਤਾ ਜੀ ਹਨ ਜਿਨ੍ਹਾਂ ਦਾ ਵਿਆਹ ਧੰਨ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਨਾਲ ਹੋਇਆ। ਧੰਨ ਸ੍ਰੀ ਗੁਰੂ ਅਮਰਦਾਸ ਜੀ ਕੌਣ ਹਨ ਜਿਨ੍ਹਾਂ ਨੇ ਸਖਤ ਘਾਲਣਾ ਘਾਲ ਕੇ ਧੰਨ ਗੁਰੂ ਨਾਨਕ ਮਹਾਰਾਜ ਜੀ ਦੀ ਦੂਜੀ ਜੋਤ ਧੰਨ ਗੁਰੂ ਅੰਗਦ ਦੇਵ ਜੀ ਮਹਾਰਾਜ ਦੀ ਬੇਅੰਤ ਸੇਵਾ ਕੀਤੀ ਤੇ ਫਿਰ ਤੀਜੀ ਜੋਤ ਬਣੇ।

***ਗੁਰੁ ਬੈਠਾ ਅਮਰੁ ਸਰੂਪ ਹੋਇ***
***ਗੁਰਮੁਖਿ ਪਾਈ ਦਾਤਿ ਇਲਾਹੀ।***

*(ਵਾਰ ੧, ਪਉੜੀ ੪੬)*

ਅੱਜ ਜਿਨ੍ਹਾਂ ਦੀ ਸੌਲਵੇਂ ਭਾਗ ਵਿੱਚ ਵਿਚਾਰ ਕਰਨੀ ਹੈ, ਬੀਬੀਓ, ਤੁਸੀਂ ਕਿੰਨੀਆਂ ਭਾਗਾਂ ਵਾਲੀਆਂ ਹੋ। ਮਾਤਾ ਮਨਸਾ ਦੇਈ ਜੀ ਕਿੰਨੇ ਭਾਗਾਂ ਵਾਲੇ ਹੋਣਗੇ, ਸਾਧ ਸੰਗਤ ਜੀ, ਜਿਨ੍ਹਾਂ ਦਾ ਪਤੀ ਵੀ ਗੁਰੂ। ਜਵਾਈ ਵੀ ਗੁਰੂ। ਧੰਨ ਗੁਰੂ ਰਾਮਦਾਸ ਜੀ ਮਾਤਾ ਮਨਸਾ ਦੇਈ ਜੀ ਦੇ ਜਵਾਈ ਹੋ ਗਏ ਤੇ ਦੋਹਤਰਾ ਵੀ ਗੁਰੂ। ਦੋਹਤਰਾ ਧੰਨ ਗੁਰੂ ਅਰਜਨ ਦੇਵ ਜੀ। ਮਾਤਾ ਮਨਸਾ ਦੇਈ ਜੀ ਦਾ ਕਿੰਨਾ ਵੱਡਾ ਦਰਜਾ ਹੋਵੇਗਾ, ਪਤੀ ਵੀ ਗੁਰੂ, ਜਵਾਈ ਵੀ ਗੁਰੂ, ਦੋਹਤਰਾ ਵੀ ਗੁਰੂ। ਇਹ ਮਾਤਾ ਮਨਸਾ ਦੇਈ ਜੀ ਜਿਨ੍ਹਾਂ ਦਾ ਜਨਮ ਸਿਆਲਕੋਟ, ਪਾਕਿਸਤਾਨ ਵਿੱਚ ਹੋਇਆ। ਪਿਤਾ ਜੀ ਦਾ ਨਾਂ ਦੇਵੀ ਚੰਦ ਜੀ। ਜਦੋਂ ਵਿਆਹ ਹੋਇਆ ਹੈ, ਗੁਰੂ ਅਮਰਦਾਸ ਜੀ ਉਦੋਂ ਗੁਰਗੱਦੀ ਤੇ ਬਿਰਾਜਮਾਨ ਨਹੀਂ ਸੀ ਹੋਏ। ਕਈ ਰਾਈਟਰਾਂ ਨੇ ਉਮਰ 25 ਸਾਲ ਲਿਖੀ ਹੈ ਤੇ ਕਈਆਂ ਨੇ 23 ਸਾਲ ਲਿਖੀ ਹੈ। ਇਸ ਉਮਰ ਵਿੱਚ ਵਿਆਹ, ਧੰਨ ਗੁਰੂ ਅਮਰਦਾਸ ਜੀ ਨਾਲ ਹੋਇਆ। ਧੰਨ ਗੁਰੂ ਅਮਰਦਾਸ ਜੀ ਦੇ ਪਿਤਾ ਜੀ, ਬਾਬਾ ਤੇਜਭਾਨ ਜੀ, ਉਹ ਵੀ ਵਪਾਰੀ। ਮਾਤਾ ਮਨਸਾ ਦੇਈ ਜੀ ਦੇ ਪਿਤਾ ਜੀ, ਦੇਵੀ ਚੰਦ ਜੀ, ਉਹ ਵੀ ਵਪਾਰੀ। ਸ਼ਾਇਦ ਵਪਾਰ ਕਰਦਿਆਂ ਕੋਈ ਵਿੱਚੋਂ ਵਿਚੋਲਾ ਬਣਿਆ ਹੋਵੇਗਾ। ਰਿਸ਼ਤਾ ਹੋਇਆ, ਵਿਆਹ ਹੋਇਆ। ਇੱਕ ਗੱਲ ਬੜੀ ਹੈਰਾਨ ਕਰਨ ਵਾਲੀ ਮਿਲਦੀ ਹੈ, ਉਹ ਦਾਸ ਨੇ ਪਹਿਲੀ ਵਾਰੀ ਪੜ੍ਹੀ। ਧੰਨ ਗੁਰੂ ਅਮਰਦਾਸ ਜੀ ਮਹਾਰਾਜ ਦੇ ਤਿੰਨ ਭਰਾ ਸਨ। ਮਹਾਰਾਜ ਜੀ ਨੂੰ ਪਾ ਕੇ ਚਾਰ ਭਰਾ ਹੋ ਗਏ। ਚਾਰ ਭਰਾ। ਧੰਨ ਗੁਰੂ ਅਮਰਦਾਸ ਜੀ ਦਾ ਵਿਆਹ ਸਭ ਤੋਂ ਬਾਅਦ ਵਿੱਚ ਹੋਇਆ ਹੈ। ਹੈ ਉਮਰ ਵਿੱਚ

ਵੱਡੇ ਨੇ ਪਰ ਵਿਆਹ ਮਹਾਰਾਜ ਜੀ ਦਾ ਸਭ ਤੋਂ ਬਾਅਦ ਵਿੱਚ ਹੋਇਆ ਹੈ। ਧੰਨ ਗੁਰੂ ਅਮਰਦਾਸ ਜੀ ਤੇ ਮਾਤਾ ਮਨਸਾ ਦੇਈ ਜੀ ਦੇ ਦੋ ਪੁੱਤਰ, ਮੋਹਨ ਜੀ, ਮੋਹਰੀ ਜੀ ਤੇ ਦੋ ਬੱਚੀਆਂ ਦਾਨੀ ਜੀ ਤੇ ਭਾਨੀ ਜੀ। ਹੁਣ ਆਪਾਂ ਪਿਆਰ ਨਾਲ ਮਾਤਾ ਮਨਸਾ ਦੇਈ ਜੀ ਦੇ ਜੀਵਨ ਦੀਆਂ ਕੋਈ ਸੱਤ-ਅੱਠ ਖਾਸ ਗੱਲਾਂ ਦੇ ਦਰਸ਼ਨ ਕਰਨੇ ਹਨ। ਪੜ੍ਹੋ ਜੀ ਇੱਕ ਵਾਰ:

***ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥***

***(ਅੰਗ ੪੭੩)***

ਮਾਤਾ ਜੀ ਦੇ ਬੇਅੰਤ ਗੁਣਾਂ ਵਿੱਚੋਂ ਪਹਿਲਾ ਗੁਣ, ਚੰਗਾ ਲੱਗੇ ਤੇ ਵੇਖਣਾ। ਤੁਸੀਂ ਸੁਣਿਆ ਹੈ, ਤਿੰਨੇ ਭਰਾ ਪਹਿਲਾਂ ਵਿਆਹੇ ਹਨ। ਇਹ ਚੌਥੇ ਹੋ ਗਏ, ਧੰਨ ਗੁਰੂ ਅਮਰਦਾਸ ਜੀ। ਪਹਿਲਾਂ ਗੁਣ- ਮਾਤਾ ਮਨਸਾ ਦੇਈ ਜੀ, ਜਦੋਂ ਧੰਨ ਗੁਰੂ ਅਮਰਦਾਸ ਜੀ ਦੇ ਨਾਲ ਵਿਆਹ ਵਾਲੇ ਬੰਧਨ ਵਿੱਚ ਬੱਝੇ, ਪਹਿਲੇ ਲਫਜ਼ ਰਾਈਟਰਾਂ ਨੇ ਲਿਖੇ ਹਨ, ਮਾਤਾ ਜੀ ਵਿੱਚ ਅਤਿ ਦੀ ਸਹਿਣਸ਼ੀਲਤਾ, ਬੜਾ ਧਿਆਨ ਦੇਣਾ, ਉਹ ਸਹਿਣਸ਼ੀਲਤਾ ਕਿਉਂ ਰੱਖੀ ਮਾਤਾ ਜੀ ਨੇ ਕਿਉਂਕਿ ਸੋਝੀ ਸੀ ਇਸ ਘਰ ਵਿੱਚ ਤਿੰਨ ਨੂੰਹਾਂ ਪਹਿਲਾਂ ਅਤੇ ਚੌਥੀ ਨੂੰਹ ਮੈਂ ਹਾਂ। ਜੇ ਸਹਿਣਸ਼ੀਲਤਾ ਨਾ ਰੱਖੀ ਗਈ ਤੇ ਹਰ ਵੇਲੇ ਹੀ ਰੌਲਾ ਹੈ। ਮਾਤਾ ਮਨਸਾ ਦੇਈ ਜੀ, ਤਿੰਨ ਚੀਜ਼ਾਂ ਰਾਈਟਰਾਂ ਨੇ ਲਿਖੀਆਂ ਹਨ। ਵਿਆਹ ਹੁੰਦਿਆਂ ਹੀ ਸਮਝਦਾਰੀ, ਸਹਿਣਸ਼ੀਲਤਾ ਤੇ ਤੀਜਾ ਲਿਖਿਆ ਹੈ, ਮਿਲਵਰਤਨ। ਮਾਤਾ ਜੀ ਨੇ ਹਮੇਸ਼ਾ ਹੀ ਇਹ ਤਿੰਨਾਂ ਗੁਣਾਂ ਨੂੰ ਮੁੱਖ ਰੱਖਿਆ। ਬੀਬੀਓ, ਸਮਝਿਓ। ਸਾਂਝੇ ਘਰ ਐਵੇਂ ਨਹੀਂ ਚਲਦੇ, ਜੇ ਸਹਿਣਸ਼ੀਲਤਾ ਨਾ ਹੋਵੇ। ਸਾਂਝੇ ਘਰ ਐਵੇਂ ਨਹੀਂ ਚਲਦੇ, ਜੇ ਮਿਲਵਰਤਨ ਨਾ ਹੋਵੇ। ਸਾਂਝੇ ਘਰ ਐਵੇਂ ਨਹੀਂ ਚਲਦੇ, ਜੇ ਸਮਝਦਾਰੀ ਨਾ ਹੋਵੇ। ਮਾਤਾ ਮਨਸਾ ਦੇਈ ਜੀ ਨੇ ਇਨ੍ਹਾਂ ਤਿੰਨਾਂ ਗੁਣਾਂ ਨੂੰ ਆਪਣੇ ਸਾਹਮਣੇ ਰੱਖ ਕੇ ਸਹੁਰੇ ਘਰ ਨੂੰ ਸੰਭਾਲਿਆ ਤੇ ਇੱਥੇ ਆ ਕੇ ਦਾਸ ਦਾ ਸਿਰ ਝੁਕ ਗਿਆ, ਧੰਨ ਗੁਰੂ ਅਮਰਦਾਸ ਜੀ ਦੇ ਤਿੰਨ ਭਰਾ। ਚੌਥੇ ਹੋ ਗਏ ਧੰਨ ਗੁਰੂ ਅਮਰਦਾਸ ਜੀ ਤੇ ਵਡਿਆਈ ਕਿਸ ਗੱਲ ਦੀ ਸੀ, ਇਸ ਪਰਿਵਾਰ ਤੇ ਬਖਸ਼ਸ਼ ਕੀ ਸੀ ਕਿ ਚਾਰੇ ਨੂੰਹਾਂ ਇੱਕੋ ਚੌਕੇ 'ਚ। ਇਹ ਬੜੀ ਵੱਡੀ ਗੱਲ ਹੈ। ਇਹ ਕਿਰਪਾ ਵੀ ਉਹਦੀ ਨਦਰਿ ਤੋਂ ਬਿਨਾਂ ਨਹੀਂ ਹੁੰਦੀ। ਮਿਲਵਰਤਨ ਤੇ ਸਹਿਣਸ਼ੀਲਤਾ ਦੇ ਸੁਭਾਅ ਤੋਂ ਬਿਨਾਂ ਵੀ ਪਰਵਾਰਿਕ ਸਾਂਝ ਨਹੀਂ ਹੁੰਦੀ।

ਦਾਸ ਦਾ ਆਪਣੀ ਲਾਈਫ ਵਿੱਚ ਇਹ ਤਜਰਬਾ ਹੈ, ਦਾਸ ਦੇ ਨਾਲ ਇੱਕ ਗੱਲ ਬੀਤੀ ਤੇ ਇਹ ਗਿਆਰ੍ਹਾਂ-ਬਾਰ੍ਹਾਂ ਸਾਲਾਂ ਦੀ ਗੱਲ ਹੈ। ਜਿਸ ਸਰੀਰ ਕੋਲੋਂ ਅਸੀਂ ਸਰੀਆ ਖਰੀਦਦੇ ਸੀ। ਕੁਝ ਹੋਰ ਸਮਾਨ ਵੀ। ਹਿੰਦੂ ਵੀਰ ਸਹਿਜਧਾਰੀ ਸੀ। ਉਨ੍ਹਾਂ ਨੇ ਦਾਸ ਨੂੰ ਇੱਕ ਵਾਰੀ ਬੜਾ ਜ਼ੋਰ ਪਾਇਆ, ਘਰ ਆਓ, ਕੀਰਤਨ ਦੇ ਸਤਿਕਾਰ ਵਜੋਂ। ਅਸੀਂ ਉਨ੍ਹਾਂ ਦੇ ਘਰ ਗਏ। ਇਹ ਦਾਸ ਨੇ ਆਪਣੀ ਲਾਈਫ ਵਿੱਚ ਪਹਿਲੀ ਵਾਰੀ ਦੇਖਿਆ ਹੈ। ਉਨ੍ਹਾਂ ਸਾਨੂੰ ਚਾਹ-ਪਾਣੀ ਛਕਾਇਆ ਤੇ ਚਾਹ-ਪਾਣੀ ਛੱਕ ਕੇ, ਜਦੋਂ ਅਸੀਂ ਉਸ ਸਹਿਜਧਾਰੀ ਵੀਰ ਦੇ ਦਾਦਾ ਜੀ ਨੂੰ ਪੁੱਛਿਆ ਕਿ ਅਰਦਾਸ ਕੀ ਕਰਨੀ ਹੈ? ਇਹ ਦਾਸ ਦੀ ਲਾਈਫ ਵਿਚ ਪਹਿਲੀ ਵਾਰੀ ਸੀ ਕਿ ਇਹ ਗੱਲ ਕਿਸੇ ਨੇ ਕਹੀ ਹੋਵੇ, ਮੈਨੂੰ ਕਹਿਣ ਲੱਗੇ, ਅਰਦਾਸ ਇਹ ਕਰਨੀ ਹੈ ਕਿ ਸਤਿਗੁਰੂ ਜੀ! ਸਾਡੇ ਸਾਰੇ ਪਰਿਵਾਰ ਦੇ ਮੈਂਬਰਾਂ ਦੀ ਬੁੱਧੀ ਸਹੀ ਰਹੇ। ਆਮ ਲੋਕੀਂ ਅਰਦਾਸ ਕਰਵਾਉਂਦੇ ਹਨ ਕਿ ਕਾਰੋਬਾਰ ਵਧੇ ਜਾਂ ਕੁਝ ਹੋਰ ਜੋ ਮਨੋਕਾਮਨਾ ਹੋਵੇ ਉਸਦੀ ਅਰਦਾਸ ਕਰਵਾਉਂਦੇ ਹਨ। ਦਾਸ ਨੇ ਉਨ੍ਹਾਂ ਨੂੰ ਪੁੱਛਿਆ ਕਿ ਇਹ ਕੀ ਅਰਦਾਸ ਕਰਵਾ ਰਹੇ ਹੋ? ਉਨ੍ਹਾਂ ਫਿਰ ਕਿਹਾ ਕਿ ਸਾਡੇ ਘਰ ਕੋਈ ਵੀ ਕੀਰਤਨੀਆ, ਕੋਈ ਵੀ ਮਹਾਂਪੁਰਸ਼, ਕੋਈ ਵੀ ਸੰਤ-ਮਹਾਤਮਾ ਆਵੇ,

ਅਸੀਂ ਇਹੋ ਹੀ ਅਰਦਾਸ ਕਰਵਾਉਂਦੇ ਹਾਂ, ਸਾਡੇ ਸਾਰੇ ਪਰਿਵਾਰ ਦੀ ਬੁੱਧੀ ਸਹੀ ਰਹੇ। ਸੰਗਤ ਜੀ, ਅਰਦਾਸ ਕਰ ਦਿੱਤੀ। ਜਦੋਂ ਨਿਕਲਣ ਲੱਗੇ, ਦਾਸ ਨੇ ਕੁਦਰਤੀ ਪੁੱਛਿਆ ਕਿ ਪਰਿਵਾਰ ਦੇ ਕਿਹੜੇ-ਕਿਹੜੇ ਮੈਂਬਰ, ਕੌਣ-ਕੌਣ ਹਨ। ਦਾਸ ਨੂੰ ਜਦੋਂ ਪਤਾ ਲੱਗਾ, ਮਨ ਏਨਾ ਪ੍ਰਸੰਨ ਹੋਇਆ ਮੁੱਖੀ ਦੱਸਣ ਲੱਗਾ ਕਿ ਇਸ ਪਰਿਵਾਰ ਦੀਆਂ ਸੱਤ ਨੂੰਹਾਂ ਹਨ ਤੇ ਸੱਤੇ ਨੂੰਹਾਂ ਇੱਕੋ ਚੌਂਕੇ 'ਚ ਹਨ। ਸੱਤੇ ਨੂੰਹਾਂ ਇੱਕੋ ਚੌਂਕੇ 'ਚ, ਦਾਸ ਦੀ ਜ਼ਿੰਦਗੀ ਦੀ ਇਹ ਪਹਿਲੀ ਵਾਰਤਾ ਸੀ। ਜਦੋਂ ਦਾਸ ਨੇ ਇਹ ਸੁਣਿਆ, ਸੱਤ ਨੂੰਹਾਂ ਇੱਕ ਚੌਂਕੇ 'ਚ ਤੇ ਦਾਸ ਨੇ ਉਸ ਸਹਿਜਧਾਰੀ ਵੀਰ ਦੇ ਦਾਦਾ ਜੀ ਦੇ ਚਰਨ ਫੜ੍ਹ ਲਏ। ਦਾਸ ਨੇ ਕਿਹਾ ਕਿ ਤੁਸੀਂ ਸਾਡੇ ਤੋਂ ਅੱਗੇ ਹੋ। ਇਹ ਕਿਵੇਂ? ਸੱਤ ਨੂੰਹਾਂ ਇੱਕ ਚੌਂਕੇ 'ਚ। ਦਾਸ ਨੇ ਪੁੱਛਿਆ ਕਿ ਇਹ ਕਿਵੇਂ? ਉਹ ਕਹਿਣ ਲੱਗੇ, ਇਸ ਸਦਕੇ ਹੀ ਕਿ ਸਾਡੇ ਘਰ ਕੋਈ ਸੰਤ ਮਹਾਤਮਾ, ਕੀਰਤਨੀਆ, ਗੁਣੀ, ਗਿਆਨੀ ਆਵੇ, ਅਸੀਂ ਅਰਦਾਸ ਇਹੀ ਕਰਵਾਉਂਦੇ ਹਾਂ, ਸਤਿਗੁਰੂ ਜੀ! ਸਾਡੇ ਪਰਿਵਾਰ ਦੀ ਬੁੱਧੀ ਸਹੀ ਰੱਖਣਾ। ਕਹਿਣ ਲੱਗੇ ਕਿ ਬੁੱਧੀ ਸਹੀ ਤੇ ਸਾਰਾ ਕੁਝ ਹੀ ਸਹੀ ਹੈ।

ਅਸੀਂ ਰੀਸ ਨਹੀਂ ਕਰ ਸਕਦੇ ਪਰ ਸਾਡੇ ਮਾਤਾ ਮਨਸਾ ਦੇਈ ਜੀ ਦਾ ਇਹ ਮੈਸੇਜ ਸਾਡੇ ਭਲੇ ਲਈ ਹੈ ਕਿ ਆਪਣੇ ਘਰਾਂ ਵਿੱਚ ਵੀ ਜੇਕਰ ਸਹਿਣਸ਼ੀਲਤਾ, ਮਿਲਵਰਤਨ ਤੇ ਸਮਝਦਾਰੀ ਦੇ ਗੁਣ ਅੱਗੇ ਰੱਖੀਏ ਜੇ ਅਜਿਹਾ ਹੋ ਜਾਵੇ ਤੇ ਸਾਡੇ ਘਰਾਂ ਦੇ ਕਲੇਸ਼ ਘੱਟ ਸਕਦੇ ਹਨ। ਭਾਵੇਂ ਹੁਣ ਤਾਂ ਬਹੁਤਾ ਹੀ ਕਲਯੁੱਗ ਆ ਗਿਆ ਹੈ। ਹੁਣ ਤਾਂ ਜਿੱਥੇ ਕਿਰਪਾ ਹੋਵੇ ਤਾਂ ਠੀਕ ਹੈ। ਨਹੀਂ ਤਾਂ ਹਰ ਕੋਈ ਚਾਹੁੰਦਾ ਹੈ ਕਿ ਮੈਂ ਵੱਖਰਾ ਹੋਵਾਂ ਤੇ ਪੂਰੀ ਅਜ਼ਾਦੀ ਲਵਾਂ। ਕਈ ਤਾਂ ਮਸਾਂ ਸਾਲ ਕੁ ਹੀ ਕੱਟਦੇ ਹਨ। ਇਸ ਤਰ੍ਹਾਂ ਦਾ ਮਾਹੌਲ ਹੈ। ਸਾਡੇ ਮਾਤਾ ਮਨਸਾ ਦੇਈ ਜੀ ਨੇ ਸਹਿਣਸ਼ੀਲਤਾ, ਸਮਝਦਾਰੀ ਅਤੇ ਮਿਲਵਰਤਨ ਵਰਗੇ ਗੁਣ ਆਪਣੇ ਅੰਦਰ ਸਮਾ ਕੇ ਰੱਖੇ ਤੇ ਚਾਰੇ ਨੂੰਹਾਂ ਇੱਕੋ ਚੌਂਕੇ 'ਚ। ਇਹ ਪਹਿਲਾ ਗੁਣ। ਕੋਸ਼ਿਸ਼ ਕਰਿਓ, ਅਸੀਂ ਉਨ੍ਹਾਂ ਦੀ ਰੀਸ ਤਾਂ ਨਹੀਂ ਕਰ ਸਕਦੇ ਪਰ ਜੇ ਇੱਥੇ ਸੱਸਾਂ ਬੈਠੀਆਂ ਹਨ, ਦਾਸ ਗੁਰੂ ਸਾਹਿਬ ਦੀ ਹਜ਼ੂਰੀ ਵਿੱਚ ਬੇਨਤੀ ਕਰਦਾ ਹੈ, ਸਹਿਣਸ਼ੀਲਤਾ, ਮਿਲਵਰਤਨ, ਸਮਝਦਾਰੀ ਅੱਗੇ ਰੱਖ ਲਓ, ਤੁਹਾਡੇ ਘਰ ਵੀ ਸਵਰਗ ਬਣ ਜਾਣਗੇ। ਜੇ ਨੂੰਹਾਂ ਬੈਠੀਆਂ ਹਨ, ਇਹ ਸਮਝਦਾਰੀ, ਸਹਿਣਸ਼ੀਲਤਾ ਅਤੇ ਮਿਲਵਰਤਨ ਇਹ ਤਿੰਨੇ ਗੁਣ, ਮਾਤਾ ਮਨਸਾ ਦੇਈ ਜੀ ਵਾਂਗ ਆਪਣੇ ਘਰਾਂ ਵਿੱਚ ਵਸਾ ਲਵੋ, ਸਾਡੇ ਘਰ ਸਵਰਗ ਬਣ ਜਾਣਗੇ। ਦੂਜਾ ਗੁਣ- ਮਾਤਾ ਜੀ ਦਾ। ਇੱਕ ਗੱਲ ਯਾਦ ਰੱਖਣਾ। ਕਰਮਾਂ ਕਰਕੇ ਭਾਵੇਂ ਮਾਂ-ਬਾਪ ਤੋਂ, ਭਾਵੇਂ ਵੱਡਿਆਂ ਤੋਂ ਵੱਖਰੇ, ਕਿਤੇ ਭਰਾ-ਭਰਾ ਵੱਖਰੇ, ਕਿਤੇ ਇਹੋ ਜਿਹੀ ਗੱਲ ਬਣ ਗਈ ਹੈ, ਵੱਖਰੇ ਹੀ ਹਾਂ ਪਰ ਦੂਜਾ ਮਾਹੌਲ ਪੈਦਾ ਨਾ ਹੋਣ ਦੇਣਾ ਕਿ ਬੋਲਣਾ ਹੀ ਨਹੀਂ। ਦੂਜਾ ਮਾਹੌਲ ਪੈਦਾ ਨਾ ਹੋਣ ਦੇਣਾ। ਅਦਾਲਤਾਂ ਵਿੱਚ ਚਲੇ ਗਏ। ਇਸ਼ਾਰਾ ਲੈਣਾ। ਕੋਸ਼ਿਸ਼ ਤਾਂ ਕਰੀਏ, ਸਾਂਝੇ ਪਰਿਵਾਰ ਵਿੱਚ ਨਿਭ ਜਾਵੇ। ਕਰਮ ਅੱਗੇ ਆ ਵੀ ਗਿਆ ਹੈ, ਕਲਯੁੱਗ ਹੈ। ਜੀਵਨ ਸਾਥੀ ਦੀ ਰਾਏ ਨਹੀਂ ਮਿਲਦੀ। ਦੂਜਾ ਜਿਹੜਾ ਫਿਰ ਸਤਿਕਾਰ, ਪਿਆਰ, ਮੁਹੱਬਤ, ਮਾਤਾ-ਪਿਤਾ ਨਾਲ, ਭੈਣ-ਭਰਾ ਨਾਲ, ਉਹ ਨਾ ਕਿਤੇ ਨਿਕਲ ਜਾਵੇ। ਨਾਲ-ਨਾਲ ਪੜ੍ਹਨਾ ਜੀ। ਮਾਤਾ ਜੀ ਦਾ ਦੂਜਾ ਗੁਣ:

***ਧਨਿ ਧਨਿ ਤੂ ਮਾਤਾ ਦੇਵਕੀ॥***
***ਜਿਹ ਗ੍ਰਿਹ ਰਮਈਆ ਕਵਲਾਪਤੀ॥੨॥***

***(ਅੰਗ ੯੮੮)***

ਮਾਤਾ ਜੀ ਦੇ ਜੀਵਨ ਵਿੱਚ ਦੂਜਾ ਗੁਣ ਲਿਖਿਆ ਹੈ, ਧਿਆਨ ਦੇਣਾ ਬੀਬੀਓ, ਤੁਹਾਡੇ ਕੰਮ

ਆਉਣ ਵਾਲਾ ਹੈ। ਮਾਤਾ ਮਨਸਾ ਦੇਈ ਜੀ ਨੇ ਵਿਆਹ ਤੋਂ ਇੱਕ ਦਿਨ ਬਾਅਦ ਦਿਮਾਗ ਵਿੱਚ ਕੀ ਰੱਖ ਲਿਆ। ਮੇਰੇ ਪਤੀ ਧੰਨ ਗੁਰੂ ਅਮਰਦਾਸ ਜੀ, ਉਨ੍ਹਾਂ ਦਾ ਧਿਆਨ ਭਗਤੀ ਵੱਲ ਜ਼ਿਆਦਾ ਹੈ। ਮੇਰੇ ਪਤੀ ਦਾ ਧਿਆਨ ਅਭਿਆਸ ਵੱਲ ਜ਼ਿਆਦਾ ਹੈ। ਮੇਰੇ ਪਤੀ ਦਾ ਧਿਆਨ, ਸੇਵਾ, ਸਿਮਰਨ ਵੱਲ ਜ਼ਿਆਦਾ ਹੈ ਤੇ ਮਾਤਾ ਮਨਸਾ ਦੇਈ ਜੀ ਨੇ, ਇਹ ਰਾਈਟਰਾਂ ਨੇ ਲਿਖਿਆ ਹੈ, ਪਹਿਲੇ ਦਿਨ ਤੋਂ ਹੀ ਆਪਣੇ ਆਪ ਨੂੰ ਇੰਝ ਢਾਲ ਲਿਆ ਕਿ ਮੈਂ ਆਪਣੇ ਪਤੀ ਦੇ ਨਾਮ ਅਭਿਆਸ ਵਾਲੇ ਜੀਵਨ ਵਿੱਚ ਕਦੀ ਵੀ ਰੋੜਾ ਨਹੀਂ ਬਣਨਾ। ਇਹ ਫਿਰ ਕੰਮ ਚਲਦੇ ਹਨ। ਜਦ ਘਰ ਵਾਲੀ ਦਾ ਵੀ ਨਾਲ ਸਾਥ ਹੋਵੇਗਾ।

ਦਾਸ ਗੁਰੂ ਸਾਹਿਬ ਦੀ ਹਜ਼ੂਰੀ ਵਿੱਚ ਉਨ੍ਹਾਂ ਦੀ ਕਿਰਪਾ ਨਾਲ ਬੇਨਤੀ ਕਰਦਾ ਹੈ, ਇਹ ਮਹਾਂਪੁਰਸ਼ਾਂ ਦੇ ਬਚਨ ਹਨ, ਜੇ ਪਤੀ ਨਾਮ ਅਭਿਆਸ, ਸੇਵਾ, ਸਿਮਰਨ ਵੱਲ ਲੱਗਾ ਹੈ, ਪਤਨੀ ਨਹੀਂ ਵੀ ਲੱਗੀ ਪਰ ਉਸ ਦੇ ਰਾਹ ਦਾ ਰੋੜਾ ਨਹੀਂ ਬਣਦੀ, ਉਸਨੂੰ ਰੋਕਦੀ ਨਹੀਂ, ਉਸ ਦੀ ਭਗਤੀ ਵਿੱਚ ਰੋੜਾ ਨਹੀਂ ਬਣਦੀ ਤੇ ਮਹਾਂਪੁਰਸ਼ ਕਹਿੰਦੇ ਸੀ, ਪਤੀ ਦੇ ਜਪੇ ਹੋਏ ਨਾਮ ਕਮਾਈ ਦੇ ਖਾਤੇ ਵਿੱਚੋਂ ਪਤਨੀ ਨੂੰ ਆਪਣੇ ਆਪ 50% ਮਹਾਤਮ ਝੋਲੀ ਵਿੱਚ ਪੈ ਜਾਵੇਗਾ। ਜੇ ਕੋਈ ਪਤਨੀ ਗੁਰੂ ਵਾਲੇ ਪਾਸੇ ਲੱਗੀ ਹੈ, ਪਤਨੀ ਨਾਮ ਵਿੱਚ ਰੰਗੀ ਗਈ ਹੈ, ਨਾਮ ਅਭਿਆਸੀ ਹੈ, ਬੰਦਗੀ ਵਾਲੀ ਹੈ, ਪਤੀ ਆਪ ਘੱਟ ਜੁੜਿਆ ਹੈ ਪਰ ਪਤਨੀ ਦੀ ਭਗਤੀ ਵਿੱਚ ਰੋੜਾ ਨਹੀਂ ਬਣਦਾ। ਜੇ ਉਹ ਤਿੰਨ ਵਜੇ ਉੱਠ ਕੇ ਦਰਬਾਰ ਸਾਹਿਬ ਜਾਂਦੀ ਹੈ ਤੇ ਪਤੀ ਰੋੜਾ ਨਹੀਂ ਬਣਦਾ। ਜੇ ਉਹ ਨਾਮ ਅਭਿਆਸ ਲਈ ਸੰਗਤ ਕਰਦੀ ਹੈ, ਪਤੀ ਰੋੜਾ ਨਹੀਂ ਬਣਦਾ। ਜੇ ਪਤਨੀ ਦਾ ਮਨ ਹੈ ਕਿ ਘਰ ਪੰਜ ਪਿਆਰਿਆਂ ਨੂੰ ਬੁਲਾ ਕੇ ਪਰਸ਼ਾਦਾ ਛਕਾਵਾਂ ਤੇ ਪਤੀ ਰੋੜਾ ਨਹੀਂ ਬਣਦਾ। ਕਹਿੰਦੇ, ਪਤਨੀ ਰੱਬੀ ਰੰਗ ਵਿੱਚ ਰੰਗੀ ਹੋਈ ਹੈ, ਨਾਮ ਅਭਿਆਸੀ ਹੈ, ਨਾਮ ਜਪਣ ਵਾਲੀ ਹੈ, ਪਤੀ ਇਸ ਪਾਸੇ ਨਹੀਂ ਲੱਗਾ, ਪਰ ਉਸਨੂੰ ਰੋਕਦਾ ਨਹੀਂ, ਰੁਕਾਵਟ ਨਹੀਂ ਬਣਦਾ, ਪਤਨੀ ਦੇ ਕਮਾਏ ਪੁੰਨ, ਜਪਿਆ ਨਾਮ, ਕੀਤੀ ਸੇਵਾ ਦਾ 50% ਹਿੱਸਾ ਉਸ ਦੇ ਖਾਤੇ ਵਿੱਚ ਜਾਈ ਜਾਵੇਗਾ। ਇਹ ਦੂਜਾ ਗੁਣ, ਵਾਹਿਗੁਰੂ ਕਿਰਪਾ ਕਰੇ, ਦੋਵੇਂ ਹੀ ਇਸ ਪਾਸੇ ਲੱਗੇ ਹੋਣ, ਜੇ ਇੱਕ ਲੱਗਾ ਹੈ ਪਰ ਦੂਜਾ ਉਸ ਦੇ ਲਈ ਰੁਕਾਵਟ ਨਹੀਂ ਬਣਿਆ, ਉਸ ਨੂੰ ਘਰ ਬੈਠਿਆਂ ਵੀ ਪੁੰਨ ਮਿਲਣਗੇ। 50% ਮਹਾਤਮ ਮਿਲੇਗਾ। ਝੋਲੀ ਭਰੇਗੀ। ਤੂੰ ਸਹਿਯੋਗ ਕਰ ਰਿਹਾ ਹੈਂ। ਮਾਤਾ ਜੀ ਨੇ ਮਨ ਵਿੱਚ ਧਾਰ ਲਿਆ ਕਿ ਇਨ੍ਹਾਂ ਦੇ ਉੱਚੇ ਜੀਵਨ ਲਈ ਮੈਂ ਆਪਣੇ ਆਪ ਨੂੰ ਉਸ ਮੁਤਾਬਿਕ ਢਾਲਣਾ ਹੈ ਕਿ ਇਨ੍ਹਾਂ ਦੇ ਨਾਮ ਅਭਿਆਸ ਵਿੱਚ ਮੈਂ ਰੁਕਾਵਟ ਨਾ ਬਣ ਸਕਾ। ਇਹ ਦੂਜਾ ਗੁਣ, ਬੀਬੀਓ ਤੁਸੀਂ ਵੀ ਅਪਣਾਉਣਾ।

***ਧਨਿ ਧਨਿ ਤੂ ਮਾਤਾ ਦੇਵਕੀ॥***
***ਜਿਹ ਗ੍ਰਿਹ ਰਮਈਆ ਕਵਲਾਪਤੀ॥੨॥***

***(ਅੰਗ ੯੮੮)***

ਦਾਸ ਪੜ੍ਹ ਕੇ ਹੈਰਾਨ ਹੋਇਆ। ਸਾਡੇ ਬਾਬਾ ਜੀ ਵੀ ਕਾਰੋਬਾਰ ਕਰਦੇ ਰਹੇ ਹਨ। ਧੰਨ ਗੁਰੂ ਅਮਰਦਾਸ ਜੀ ਚਾਰ ਭਰਾ ਸਨ। ਦੋ ਖੇਤੀਬਾੜੀ ਕਰਦੇ ਸੀ। ਬਾਬਾ ਤੇਜਭਾਨ ਜੀ, ਪਿਤਾ ਜੀ ਦੀ ਦੁਕਾਨ ਸੀ, ਵਪਾਰੀ ਸਨ ਤੇ ਇੱਕ ਭਰਾ ਦੁਕਾਨ ਤੇ ਬੈਠਦਾ ਸੀ, ਦੂਜਾ ਪਿਤਾ ਜੀ ਨਾਲ ਤੇ ਧੰਨ ਗੁਰੂ ਅਮਰਦਾਸ ਜੀ ਘੋੜੀ ਤੇ ਸੌਦੇ ਪੂਰੇ ਕਰਦੇ ਸਨ। ਦੁਕਾਨ ਦੇ ਸੌਦੇ ਪੂਰੇ ਕਰਦੇ ਸੀ। ਇੱਥੋਂ ਤੱਕ ਦਾਸ ਨੇ ਪੜ੍ਹਿਆ ਹੈ ਕਿ ਰੇਸ਼ਮ ਦਾ ਕੱਪੜਾ, ਸਤਿਗੁਰਾਂ ਦੇ ਪਿਤਾ ਜੀ ਉਹ ਵੀ ਵਪਾਰ ਕਰਦੇ ਸੀ। ਹੁਣ ਤੀਜਾ ਗੁਣ- ਮਾਤਾ ਮਨਸਾ ਦੇਈ ਜੀ ਦਾ, ਜਿੰਨੇ ਕੱਪੜੇ ਦੇ

ਵਪਾਰੀ ਧੰਨ ਗੁਰੂ ਅਮਰਦਾਸ ਜੀ ਨੂੰ ਮਿਲਣ ਆਉਣੇ, ਸਾਰਿਆਂ ਦੀ ਸੇਵਾ ਆਪਣੇ ਹੱਥੀਂ ਕਰਨੀ ਔਰ ਇਹ ਤੁਸੀਂ ਸੁਣਦੇ ਹੋ, ਕਹਿਣ ਦੀ ਲੋੜ ਨਹੀਂ ਕਿ ਸਾਲ ਬਾਅਦ (ਗੁਰਤਾਗੱਦੀ ਮਿਲਣ ਤੋਂ ਪਹਿਲਾਂ) ਆਪ ਜੀ ਤੀਰਥ ਦੀ ਯਾਤਰਾ ਜਾਂਦੇ ਸੀ। ਕਹਿੰਦੇ, ਜਦੋਂ ਯਾਤਰਾ ਜਾਂਦੇ ਸੀ ਤੇ ਸਾਧੂ, ਮਹਾਤਮਾ ਮੰਡਲੀਆਂ ਚਾਰ-ਚਾਰ ਦਿਨ ਪਹਿਲਾਂ ਬਾਸਰਕੇ ਜਮ੍ਹਾਂ ਹੋਣੀਆਂ ਸ਼ੁਰੂ ਹੋ ਜਾਂਦੀਆਂ ਸੀ ਤੇ ਮਾਤਾ ਮਨਸਾ ਦੇਈ ਜੀ ਨੇ ਸਾਰੇ ਸਾਧੂ, ਸੰਤ ਮੰਡਲੀਆਂ ਦੀ ਲੰਗਰ ਦੀ ਸੇਵਾ ਆਪ ਮਾਤਾ ਜੀ ਨੇ ਸੰਭਾਲਣੀ। ਉਨ੍ਹਾਂ ਦੀ ਆਓ ਭਗਤ ਸੇਵਾ ਸੰਭਾਲਣੀ ਔਰ ਉਨ੍ਹਾਂ ਨੂੰ ਇਹ ਕਹਿਣਾ ਕਿ ਅਜੇ ਚਾਰ ਦਿਨ ਯਾਤਰਾ ਵਿੱਚ ਹਨ ਤੇ ਇਤਿਹਾਸਕਾਰਾਂ ਨੇ ਲਫਜ਼ ਲਿਖੇ ਹਨ, ਗਿਆਨ ਗੋਸ਼ਟੀ। ਤੁਸੀਂ ਇਹੋ ਜਿਹੀ ਗਿਆਨ ਗੋਸ਼ਟੀ ਕਰੋ ਕਿ ਸਾਡੇ ਪਿੰਡ ਦੀਆਂ ਹੋਰ ਬੀਬੀਆਂ ਵੀ ਗਿਆਨ ਪ੍ਰਾਪਤ ਕਰ ਲੈਣ। ਇਹ ਤੀਜਾ ਗੁਣ ਸੀ।

ਚੌਥਾ ਗੁਣ ਦਾਸ ਨੂੰ ਬੜਾ ਵਧੀਆ ਲੱਗਾ। ਦਾਸ ਨੇ ਬੋਲ ਕੇ ਲੰਘ ਜਾਣਾ ਹੈ। ਤੁਸੀਂ ਵੇਖ ਲੈਣਾ, ਚੰਗਾ ਲੱਗੇ। ਕਹਿੰਦੇ, ਬਾਸਰਕੇ ਦੀਆਂ ਜਿੰਨੀਆਂ ਬੀਬੀਆਂ, ਆਂਢੀ-ਗੁਆਂਢੀ ਹੋਰ ਬੀਬੀਆਂ, ਮਾਤਾ ਮਨਸਾ ਦੇਈ ਜੀ ਨੇ ਸਭ ਨੂੰ ਇਕੱਠੀਆਂ ਕਰਕੇ ਕਹਿਣਾ? ਸਭ ਨੂੰ ਕੀ ਪ੍ਰੇਰਣਾ ਦੇਣੀ? ਸਾਰੀਆਂ ਬੀਬੀਆਂ ਨੂੰ ਇਹ ਪ੍ਰੇਰਣਾ ਦੇਣੀ ਕਿ ਆਪਣੇ ਆਪ ਨੂੰ ਇੰਨਾ ਕੁ ਬਿਜ਼ੀ ਕਰ ਲਓ ਕਿ ਤੁਹਾਨੂੰ ਨਿੰਦਿਆ, ਚੁਗਲੀ ਕਰਨ ਦਾ ਅਤੇ ਸੁਣਨ ਦਾ ਸਮਾਂ ਹੀ ਨਾ ਲੱਗੇ। ਇਹ ਬੜਾ ਵੱਡਾ ਗੁਣ ਹੈ। ਨਿੰਦਿਆ, ਚੁਗਲੀ ਉਦੋਂ ਹੀ ਹੋਵੇਗੀ ਜਦੋਂ ਅਸੀਂ ਵਿਹਲੇ ਬੈਠਾਂਗੇ। ਵਿਹਲੇ ਬੈਠਿਆਂ ਨਿੰਦਾ ਸ਼ੁਰੂ ਹੋ ਜਾਂਦੀ ਹੈ। ਮਾਤਾ ਜੀ ਨੇ ਕਹਿਣਾ, ਆਪਣੇ ਆਪ ਨੂੰ ਇੰਨਾ ਬਿਜ਼ੀ ਕਰ ਲਓ, ਮਨ ਨੂੰ ਬਾਣੀ ਦੇ ਪ੍ਰੇਮ ਵਿੱਚ ਪਰੋ ਲਵੋ, ਨਿਤਨੇਮ ਵਿੱਚ ਬਿਜੀ ਕਰ ਲਓ, ਸਿਮਰਨ ਵਿੱਚ ਬਿਜੀ ਕਰ ਲਓ, ਸੇਵਾ ਵਿੱਚ ਬਿਜੀ ਕਰ ਲਓ, ਟੋਕਰੀ ਢੋਣ ਵਿੱਚ ਬਿਜੀ ਕਰ ਲਓ। ਦਾਸ ਇਸ ਦਾ ਸੁਆਦ ਦੱਸ ਨਹੀਂ ਸਕਦਾ। ਸਟੇਜ ਤੇ ਕਈ ਰੂਹਾਂ ਬੈਠੀਆਂ ਹਨ। ਤੁਹਾਡੇ ਵਿੱਚ ਵੀ ਇੱਥੇ ਕਈ ਰੂਹਾਂ ਬੈਠੀਆਂ ਹਨ ਜਿਨ੍ਹਾਂ ਨੇ ਆਪਣਾ ਨਿਤਨੇਮ ਇੰਨਾ ਵਧਾਇਆ ਹੋਇਆ ਹੈ ਕਿ ਸਾਧ ਸੰਗਤ ਜੀ, ਇੱਕ ਮਿੰਟ ਦੀ ਫੁਰਸਤ ਨਹੀਂ ਉਨ੍ਹਾਂ ਕੋਲ। ਹਰ ਵੇਲੇ ਦਿਮਾਗ ਵਿੱਚ ਹੈ, 21 ਪਾਠ ਜਪੁਜੀ ਸਾਹਿਬ ਦੇ ਕਰਨੇ ਹਨ, ਅਜੇ 15 ਹੋਏ ਹਨ। ਸੁਖਮਨੀ ਸਾਹਿਬ ਪਾਠ ਕਰਨਾ ਹੈ। ਅਜੇ ਅੱਧਾ ਹੋਇਆ ਹੈ, ਅੱਧਾ ਰਹਿੰਦਾ ਹੈ। ਚੌਪਈ ਸਾਹਿਬ ਦੇ ਇੰਨੇ ਪਾਠ ਕਰਨੇ ਹਨ। ਇੰਨੇ ਹੋਏ ਹਨ ਤੇ ਇੰਨੇ ਰਹਿੰਦੇ ਹਨ।

ਦਾਸ ਗੁਰੂ ਸਾਹਿਬ ਦੀ ਹਜ਼ੂਰੀ ਵਿੱਚ ਬੇਨਤੀ ਕਰ ਰਿਹਾ ਹੈ ਕਿ ਤੁਹਾਡੀ ਸੰਗਤ ਵਿੱਚੋਂ ਹੀ ਇੱਕ ਸਰੀਰ ਹੈ। ਉਸ ਨੂੰ ਫੋਨ ਕੀਤਾ, ਉਸ ਨੇ ਚੁੱਕਿਆ ਨਾ। ਦੂਜਾ ਕੀਤਾ, ਉਸ ਨੇ ਚੁੱਕਿਆ ਨਾ। ਤੀਜਾ ਫੋਨ ਕੀਤਾ, ਥੋੜ੍ਹੇ ਚਿਰ ਬਾਅਦ ਘੰਟੇ-ਦੋ ਘੰਟੇ ਬਾਅਦ, ਉਸ ਨੇ ਚੁੱਕ ਲਿਆ। ਦਾਸ ਨੇ ਕਿਹਾ ਕਿ ਤੁਸੀਂ ਫੋਨ ਨਹੀਂ ਚੁੱਕਦੇ? ਕਹਿਣ ਲੱਗਾ, ਇਹ ਵੀ ਕਹਿਣਾ ਨਹੀਂ ਚਾਹੀਦਾ, ਸੱਚ ਦੱਸਾਂ, ਮੇਰਾ ਨਿਤਨੇਮ ਇੰਨਾ ਪਿਆ ਹੈ, ਫੋਨ ਚੁੱਕਾਂ, ਸਾਰੇ ਫੋਨ ਸੁਣਾਂ ਤੇ ਮੇਰਾ ਨੇਮ ਰਹਿ ਜਾਂਦਾ ਹੈ। ਦਾਸ ਨੇ ਸੋਚਿਆ ਜਿਹੜੇ ਬੰਦੇ ਨੇ ਆਪਣੇ ਆਪ ਨੂੰ ਇੰਨਾ ਬਿਜ਼ੀ ਕਰ ਲਿਆ, ਫਿਰ ਉਸ ਕੋਲੋਂ ਟਾਈਮ ਨਹੀਂ ਨਿਕਲੇਗਾ, ਨਾ ਨਿੰਦਿਆ ਕਰਨ ਦਾ ਤੇ ਨਾ ਹੀ ਨਿੰਦਿਆ ਸੁਣਨ ਦਾ। ਇਹ ਮਾਤਾ ਮਨਸਾ ਦੇਈ ਜੀ ਬਾਸਰਕੇ ਬੀਬੀਆਂ ਤਾਂਈ ਉਪਦੇਸ਼ ਦਿੰਦੇ ਸੀ। ਚੌਥਾ ਗੁਣ ਬੀਬੀਓ, ਆਪਣੇ ਆਪ ਨੂੰ ਇੰਨਾ ਬਿਜ਼ੀ ਕਰ ਲਓ ਕਿ ਸਾਨੂੰ ਨਿੰਦਿਆ, ਚੁਗਲੀ ਦਾ ਸਮਾਂ

ਹੀ ਨਾ ਲੱਗੇ। ਇਹ ਚੌਥਾ ਗੁਣ, ਮਾਤਾ ਜੀ ਦਾ। ਪੜ੍ਹੋ ਜੀ ਪਿਆਰ ਨਾਲ:

***ਧਨਿ ਧਨਿ ਤੂ ਮਾਤਾ ਦੇਵਕੀ ॥***
***ਜਿਹ ਗ੍ਰਿਹ ਰਮਈਆ ਕਵਲਾਪਤੀ ॥੨॥***

*(ਅੰਗ ੯੮੮)*

ਮਾਫੀ ਦੇ ਦੇਣਾ। ਦੋ-ਤਿੰਨ ਸਾਲ ਔਲਾਦ ਨਾ ਹੋਵੇ ਤੇ ਸਾਧ ਸੰਗਤ ਜੀ, ਕਈ ਸਿੱਖੀ ਤੋਂ ਵੀ ਟੁੱਟ ਜਾਂਦੇ ਹਨ। ਇਹੋ ਜਿਹੀਆਂ ਜਗ੍ਹਾ ਤੇ ਜਾਣਾ ਸ਼ੁਰੂ ਹੋ ਜਾਂਦੇ ਹਨ ਜਿੱਥੇ ਨਹੀਂ ਜਾਣਾ ਚਾਹੀਦਾ। ਪਰ ਸਿਰ ਝੁਕਾਇਓ, ਮਾਤਾ ਮਨਸਾ ਦੇਈ ਜੀ ਅਤੇ ਧੰਨ ਗੁਰੂ ਅਮਰਦਾਸ ਜੀ ਦੇ ਘਰ ਇੱਕ ਸਾਲ ਨਹੀਂ, ਦੋ ਸਾਲ ਨਹੀਂ, ਤਿੰਨ ਸਾਲ ਨਹੀਂ, ਚਾਰ ਸਾਲ ਨਹੀਂ, ਬਲਕਿ ਪੰਦਰਾਂ ਸਾਲ ਔਲਾਦ ਨਹੀਂ ਹੋਈ। ਪਿਤਾ ਗੁਰੂ ਅਮਰਦਾਸ ਜੀ ਦੇ ਘਰ ਪੰਦਰਾਂ ਸਾਲ ਔਲਾਦ ਨਹੀਂ ਹੋਈ। ਮਾਤਾ ਮਨਸਾ ਦੇਈ ਜੀ ਦੀ ਕੁੱਖ ਤੋਂ ਪੰਦਰਾਂ ਸਾਲ ਔਲਾਦ ਨਹੀਂ ਹੋਈ। ਨੋਟ ਕਰਨਾ। ਮੁਨਕਰ ਨਹੀਂ ਹੋਏ। ਪੰਜਵਾਂ ਗੁਣ, ਹੁਣ ਇੱਥੇ ਆ ਕੇ ਤੁਹਾਡਾ ਸਿਰ ਝੁਕ ਜਾਵੇਗਾ, ਤਿੰਨ ਦਰਾਣੀਆਂ ਛੋਟੀਆਂ ਹਨ, ਮਾਤਾ ਮਨਸਾ ਦੇਈ ਜੀ ਜੇਠਾਣੀ ਲੱਗਦੇ ਹਨ। ਧੰਨ ਗੁਰੂ ਅਮਰਦਾਸ ਜੀ ਮਹਾਰਾਜ ਦੇ ਤਿੰਨੇ ਭਰਾ ਮਾਤਾ ਮਨਸਾ ਦੇਈ ਜੀ ਦੇ ਦਿਉਰ ਉਮਰ ਵਿੱਚ ਛੋਟੇ ਹਨ। ਧੰਨ ਗੁਰੂ ਅਮਰਦਾਸ ਜੀ ਦੁਨਿਆਵੀਂ ਉਤਰ ਵਿੱਚ ਭਰਾਵਾਂ ਨਾਲੋਂ ਹੈ ਵੱਡੇ ਸੀ ਪਰ ਵਿਆਹ ਬਾਅਦ ਵਿੱਚ ਹੋਇਆ। ਇੱਥੇ ਆ ਕੇ ਦਾਸ ਦਾ ਸਿਰ ਝੁਕ ਗਿਆ ਕਿ ਮਾਤਾ ਮਨਸਾ ਦੇਈ ਜੀ ਦੀ ਆਪਣੀ ਔਲਾਦ ਪੰਦਰਾਂ ਸਾਲ ਨਹੀਂ ਹੋਈ ਪਰ ਆਪਣੀਆਂ ਦਰਾਣੀਆਂ ਦੇ ਬੱਚਿਆਂ ਨੂੰ ਨੁਹਾਉਣਾ, ਕੱਪੜੇ ਵੀ ਪੁਆਉਣੇ ਤੇ ਖਿਡਾਉਣਾ ਵੀ ਤੇ ਕੀ ਆਖਣਾ, ਇਹ ਹੈਗੇ ਤਾਂ ਹਨ। ਮੇਰਾ ਦਿਲ ਲੱਗਾ ਹੋਇਆ ਹੈ। ਇਹ ਮਿਲਵਰਤਨ ਹੈ। ਇਹ ਪਿਆਰ ਹੈ ਕਿ ਤਿੰਨੇ ਦਰਾਣੀਆਂ ਦੇ ਬੱਚਿਆਂ ਨੂੰ ਪਿਆਰ ਕਰਨਾ, ਮੁਹੱਬਤ ਕਰਨੀ। ਦੂਜੀ ਗੱਲ ਨਹੀਂ, ਜਿਹੜੀ ਅੱਜਕਲ੍ਹ ਵੇਖ ਲਓ, ਹੁੰਦੀ ਪਈ ਹੈ। ਇਹੀ ਇਨਕਲਾਬ ਘਰਾਂ ਵਿੱਚ ਲਿਆਉਣੇ ਹਨ, ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ ਦਾ ਜੀਵਨ ਸੁਣ ਕੇ। ਇਹ ਕੋਈ ਛੋਟੀ ਗੱਲ ਨਹੀਂ ਹੈ।

ਦਾਸ ਗੁਰੂ ਸਾਹਿਬ ਦੀ ਹਜ਼ੂਰੀ ਵਿੱਚ ਬੇਨਤੀ ਕਰਦਾ ਹੈ, ਕਈ ਸਰੀਰਾਂ ਦੇ ਘਰ ਦੋ-ਚਾਰ ਸਾਲ ਔਲਾਦ ਨਾ ਹੋਵੇ, ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਨੂੰ ਛੱਡ ਕੇ ਇਹੋ ਜਿਹੀਆਂ ਜਗ੍ਹਾ ਤੇ ਚਲੇ ਜਾਂਦੇ ਹਨ ਜਿੱਥੇ ਜਾ ਕੇ ਸਾਡੇ ਗੁਰੂ ਦਾ ਵੀ ਦਿਲ ਕੀ ਕਹਿੰਦਾ ਹੋਵੇਗਾ? ਮੋਹਰ ਮੇਰੀ ਲੱਗੀ, ਚਲੇ ਕਿੱਥੇ ਗਏ? ਪੰਦਰ੍ਹਾਂ ਸਾਲ ਔਲਾਦ ਨਹੀਂ ਪਰ ਸਿਦਕ ਤੇ ਕਾਇਮ। ਕਹਿੰਦੇ ਫਿਰ ਸਿਦਕ ਨੂੰ ਭਾਗ ਲੱਗੇ, ਦੋ ਪੁੱਤਰ, ਦੋ ਧੀਆਂ ਝੋਲੀ ਵਿੱਚ ਪਈਆਂ। ਆਪਣੀਆਂ ਦਰਾਣੀਆਂ, ਦਿਓਰਾਂ ਦੇ ਬੱਚਿਆਂ ਨੂੰ ਨੁਹਾਉਣਾ ਵੀ, ਖਿਡਾਉਣਾ ਵੀ, ਕੱਪੜੇ ਵੀ ਪੁਆਉਣੇ। ਇਹ ਤਿੰਨ ਚੀਜ਼ਾਂ ਲਿਖੀਆਂ ਹਨ। ਤੁਹਾਡੇ ਘਰ ਵਿੱਚ ਇਹੋ ਜਿਹਾ ਇਨਕਲਾਬ ਆਵੇ, ਪਿਆਰ ਆਵੇ। ਇੱਕ ਹੁੰਦਾ ਹੈ, ਆਪਣੇ ਬੱਚਿਆਂ ਨੂੰ ਪਿਆਰ ਕਰਨਾ ਤੇ ਦੂਜਿਆਂ ਨੂੰ ਨਫਰਤ ਨਾਲ ਦੇਖਣਾ। ਜਿਵੇਂ ਅੱਜਕਲ੍ਹ ਹੋ ਰਿਹਾ ਹੈ ਘਰ-ਘਰ ਵਿੱਚ। ਧਿਆਨ ਰੱਖਿਓ ਪਰ ਇਧਰ ਉਲਟਾ ਲੇਖਾ ਹੈ।

***ਧਨਿ ਧਨਿ ਤੂ ਮਾਤਾ ਦੇਵਕੀ ॥***
***ਜਿਹ ਗ੍ਰਿਹ ਰਮਈਆ ਕਵਲਾਪਤੀ ॥੨॥***

*(ਅੰਗ ੯੮੮)*

ਛੇਵਾਂ ਗੁਣ, ਬੀਬੀਓ, ਦਾਸ ਕਹਿੰਦਾ ਹੈ। ਕਿਤਾਬੀ ਗਿਆਨ ਤਾਂ ਨਾਲ-ਨਾਲ ਚਲਦਾ ਹੈ। ਕਿਤਾਬੀ ਗਿਆਨ ਹੁੰਦਾ ਹੈ, ਥੋੜ੍ਹੀ ਬਹੁਤੀ ਕਿਤਾਬ ਪੜ੍ਹਨੀ, ਉਸ ਵਿੱਚੋਂ ਵੇਖਣਾ ਤੇ ਕਹਿੰਦੇ, ਪੰਜਾਹ

ਪੈਸੇ ਕਿਤਾਬੀ ਗਿਆਨ ਤੇ ਪੰਜਾਹ ਪੈਸੇ ਆਤਮਿਕ ਕੰਮ ਆਪਣੇ ਆਪ ਕਰੇ, ਤੇ ਅੱਜ ਦਿਨੇ ਦਾਸ ਘੰਟਾ-ਦੋ ਘੰਟੇ ਮਾਤਾ ਮਨਸਾ ਦੇਈ ਜੀ ਦੇ ਜੀਵਨ ਦੇ ਦਰਸ਼ਨ ਕਰ ਰਿਹਾ ਸੀ, ਸਾਰਾ ਜੀਵਨ ਤੇ ਵਿੱਚ ਹੀ ਦਾਸ ਦੀ ਅੱਖ ਲੱਗ ਗਈ। ਅੱਠ-ਨੌਂ ਮਿੰਟ ਲਈ ਅੱਖ ਲੱਗੀ ਤੇ ਸੁਪਨੇ ਵਿੱਚ ਵੀ ਮਾਤਾ ਮਨਸਾ ਦੇਈ ਜੀ ਹੀ ਦਰਸ਼ਨ ਹੋਈ ਜਾਣ। ਸੁਪਨੇ ਵਿੱਚ ਵੀ ਉਹੀ ਨਜ਼ਾਰਾ ਤੇ ਦਾਸ ਨੂੰ ਇੰਝ ਲੱਗਿਆ ਕਿ ਮਾਤਾ ਜੀ, ਤੁਸੀਂ ਇੰਨੇ ਧੰਨ ਹੋ, ਸੁਪਨੇ ਵਿੱਚ ਕਹੀ ਜਾਵਾਂ ਕਿ ਮਾਤਾ ਜੀ, ਤੁਸੀਂ ਇੰਨੇ ਧੰਨ ਹੋ ਕਿ ਤੁਹਾਡੇ ਚਰਨ ਧੋ ਕੇ ਪੀ ਲਈਏ। ਕਿਉਂ? ਤੁਸੀਂ ਵੀ ਕਹੋਗੇ ਕਿ ਮੈਂ ਵੀ ਚਰਨ ਧੋ ਕੇ ਪੀ ਲਵਾਂ, ਮਾਤਾ ਮਨਸਾ ਦੇਈ ਜੀ ਦੇ, ਪੁੱਛੋ ਉਹ ਕਿਉਂ? ਮਾਤਾ ਮਨਸਾ ਦੇਈ ਜੀ ਦਾ ਛੇਵਾਂ ਗੁਣ, ਸੁਣਿਓ, ਬੀਬੀਓ, ਵਾਕਿਆ ਹੀ ਸਿਰ ਝੁਕੇਗਾ। ਧੰਨ ਗੁਰੂ ਅਮਰਦਾਸ ਜੀ ਨੂੰ ਜਦੋਂ ਧੰਨ ਗੁਰੂ ਅੰਗਦ ਦੇਵ ਜੀ ਮਹਾਰਾਜ ਦੀ ਸੰਗਤ ਹੋ ਗਈ, ਹੁਣ ਸਿੱਧੇ ਗਏ ਖਡੂਰ ਸਾਹਿਬ। ਧੰਨ ਗੁਰੂ ਅੰਗਦ ਦੇਵ ਜੀ ਦੀ ਸੰਗਤ ਹੋ ਗਈ, ਧੰਨ ਗੁਰੂ ਅਮਰਦਾਸ ਜੀ ਨੂੰ। ਇੱਕ ਸਾਲ ਨਹੀਂ, ਦੋ ਸਾਲ ਨਹੀਂ, ਸਿਰ ਝੁਕੇਗਾ, ਬੀਬੀਓ, ਬਾਰ੍ਹਾਂ ਸਾਲ ਤੀਜੇ ਪਤਾਸ਼ਾਹ ਜੀ ਨੇ ਧੰਨ ਗੁਰੂ ਅੰਗਦ ਦੇਵ ਜੀ ਦੇ ਇਸ਼ਨਾਲ ਲਈ ਜਲ ਦੀ ਗਾਗਰ ਢੋਈ। ਬਾਰ੍ਹਾਂ ਸਾਲ ਮਹਾਰਾਜ ਜੀ ਖਡੂਰ ਸਾਹਿਬ ਹੀ ਰਹੇ। ਬਾਰ੍ਹਾਂ ਸਾਲ ਧੰਨ ਗੁਰੂ ਅਮਰਦਾਸ ਜੀ ਨੇ ਧੰਨ ਗੁਰੂ ਅੰਗਦ ਦੇਵ ਜੀ ਮਹਾਰਾਜ ਦੇ ਚਰਨਾਂ ਵਿੱਚ ਗਾਗਰ ਢੋ ਕੇ ਸੇਵਾ ਕੀਤੀ। ਕੀ ਉਸ ਮਾਤਾ ਨੂੰ ਧੰਨ ਨਹੀਂ ਕਹੋਗੇ, ਜਿਸ ਨੇ ਬਾਰ੍ਹਾਂ ਸਾਲ ਇਕੱਲਿਆਂ ਕੱਟੇ ਤੇ ਕੀ ਉਨ੍ਹਾਂ ਦੀ ਝੋਲੀ ਵਿੱਚ ਦਾਤਾਂ ਨਹੀਂ ਪੈਣਗੀਆਂ? ਜ਼ਰੂਰ ਪੈਣਗੀਆਂ। ਹੁਣ ਜਦ ਬਾਰ੍ਹਾਂ ਸਾਲ ਸੇਵਾ ਵਿੱਚ ਗਏ ਧੰਨ ਗੁਰੂ ਅਮਰਦਾਸ ਜੀ ਤਾਂ ਮਾਤਾ ਮਨਸਾ ਦੇਈ ਜੀ ਗੁਰੂ ਸਾਹਿਬ ਜੀ ਦੀ ਸੇਵਾ ਭਗਤੀ ਵਿੱਚ ਰੋੜਾ (ਰੁਕਾਵਟ) ਨਹੀਂ ਬਣੇ ਸਗੋਂ ਸਹਿਯੋਗ ਦਿੱਤਾ। ਇਸ ਕਰਕੇ ਧਿਆਨ ਦੇਣਾ ਜੀ ਜੇ ਧੰਨ ਗੁਰੂ ਅਮਰਦਾਸ ਜੀ, ਧੰਨ ਗੁਰੂ ਅੰਗਦ ਦੇਵ ਜੀ ਦੀ ਸੇਵਾ ਵਿੱਚ ਜੁੜੇ ਹਨ, ਉਧਰ ਸੇਵਾ ਕਰ ਰਹੇ ਹਨ ਤੇ ਇਧਰ ਮਾਤਾ ਜੀ ਵੀ ਧੰਨ ਹਨ। ਉਨ੍ਹਾਂ ਦੇ ਚਰਨ ਧੋ ਕੇ ਪੀ ਲਈਏ ਜਿਹੜੇ ਮਾਤਾ ਜੀ ਨੇ ਬਾਰ੍ਹਾਂ ਸਾਲ ਬਾਸਰਕੇ ਇਕੱਲਿਆਂ ਕੱਟੇ। ਧੰਨ ਗੁਰੂ ਅਮਰਦਾਸ ਜੀ ਖਡੂਰ ਸਾਹਿਬ ਗਾਗਰ ਦੀ ਸੇਵਾ ਕਰ ਰਹੇ ਹਨ। ਉਹ ਮਾਤਾ ਜੀ ਧੰਨ ਹਨ ਜਿਨ੍ਹਾਂ ਨੂੰ ਪਿਤਾ ਜੀ ਨੇ ਬਾਰ੍ਹਾਂ ਸਾਲ ਘਰੇਲੂ ਵਿਛੋੜਾ ਦਿੱਤਾ ਪਰ ਮਾਤਾ ਜੀ ਨੇ ਸਹਿਯੋਗ ਦਿੱਤਾ, ਉਨ੍ਹਾਂ ਦੀ ਸੇਵਾ ਵਿੱਚ। ਸਹਿਯੋਗ ਦਿੱਤਾ, ਉਨ੍ਹਾਂ ਦੀ ਭਗਤੀ ਵਿੱਚ।

*ਧਨਿ ਧਨਿ ਤੂ ਮਾਤਾ ਦੇਵਕੀ॥*
*ਜਿਹ ਗ੍ਰਿਹ ਰਮਈਆ ਕਵਲਾਪਤੀ॥੨॥*

*(ਅੰਗ ੯੮੮)*

ਛੇ ਹੋ ਗਏ। ਸੱਤਵਾਂ ਗੁਣ। ਹੁਣ ਧੰਨ ਗੁਰੂ ਅਮਰਦਾਸ ਜੀ ਨੂੰ ਸੰਗ ਹੋ ਗਿਆ, ਧੰਨ ਗੁਰੂ ਅੰਗਦ ਦੇਵ ਜੀ ਦਾ। ਹੁਣ ਸਭ ਯਾਤਰਾਵਾਂ ਭੁੱਲ ਗਈਆਂ। ਸੱਚਾ ਪਾਤਸ਼ਾਹ ਮਿਲ ਗਿਆ। ਜਦੋਂ ਧੰਨ ਗੁਰੂ ਅਮਰਦਾਸ ਜੀ ਮਹਾਰਾਜ ਨੂੰ ਪ੍ਰਾਪਤੀ ਹੋ ਗਈ, ਗੁਰਗੱਦੀ ਦੀ ਬਖਸ਼ਿਸ਼ ਮਿਲ ਗਈ। ਬਾਰ੍ਹਾਂ ਵਰਦਾਨ ਮਿਲ ਗਏ। ਪ੍ਰਿੰਸੀਪਲ ਸਤਿਬੀਰ ਸਿੰਘ ਜੀ ਨੇ ਲਿਖਿਆ ਹੈ ਇਹ ਬਾਰ੍ਹਾਂ ਵਰਦਾਨ ਝੋਲੀ ਪਏ:

*ਤੁਮ ਹੋ ਨਿਥਾਵਨ ਥਾਵ।*
*ਕਰਹੋ ਨਿਮਾਨਹਿ ਮਾਨ।*
*ਨਿਤਾਣਿਆਂ ਦਾ ਤਾਣ।*
*ਨਿਓਟਿਆਂ ਦੀ ਓਟ।*
*ਨਿਆਸਰਿਆਂ ਦਾ ਆਸਰਾ।*
*ਨਿਧਰਿਆਂ ਦਾ ਧਰ।*
*ਨਿਧੀਰਨ ਦੀ ਧੀਰ।*

***ਪੀਰਾਂ ਦੇ ਪੀਰ।***
***ਦਿਆਲ ਗਈ ਬਹੌੜ।***
***ਜਗਤ ਬੰਦੀ ਛੋੜ।***
***ਭੰਨਣ ਘੜਨ ਸਮਰਥ।***
***ਸਭ ਜੀਵਕਾ ਜਿਸ ਹੱਥ।***

ਗੁਰਿਆਈ ਦੀ ਬਖਸ਼ਿਸ਼ ਹੋ ਗਈ। ਬਾਰ੍ਹਾਂ ਵਰ ਝੋਲੀ ਵਿੱਚ ਪੈ ਗਏ। ਭਾਈ ਵੀਰ ਸਿੰਘ ਜੀ ਨੇ ਲਿਖਿਆ ਹੈ, ਜਦੋਂ ਪ੍ਰਾਪਤੀ ਹੋ ਗਈ ਤੇ ਧੰਨ ਗੁਰੂ ਅੰਗਦ ਦੇਵ ਜੀ ਮਹਾਰਾਜ ਕਹਿੰਦੇ, ਪੁਰਖਾ, ਬਾਸਰਕੇ ਚਲੇ ਜਾਓ। ਆਪਣੇ ਨਗਰ ਚਲੇ ਜਾਓ। ਜਦੋਂ ਮਹਾਰਾਜ ਜੀ ਆਪਣੇ ਨਗਰ ਆ ਗਏ। ਧੰਨ ਗੁਰੂ ਅਮਰਦਾਸ ਜੀ ਪ੍ਰਥਾਇ ਭਾਈ ਵੀਰ ਸਿੰਘ ਜੀ ਨੇ ਲਿਖਿਆ ਹੈ, ਭਗਤੀ ਦਾ ਸਰੂਪ ਤੇ ਗਿਆਨ ਦਾ ਰੂਪ ਬਣ ਕੇ ਜਦੋਂ ਗੁਰੂ ਅਮਰਦਾਸ ਜੀ ਬਾਸਰਕੇ ਆਏ ਤੇ ਹੁਣ ਗੁਰਗੱਦੀ ਮਿਲ ਗਈ ਹੈ, ਸੱਚਖੰਡ ਦੇ ਖਜ਼ਾਨੇ ਦੀਆਂ ਚਾਬੀਆਂ ਮਿਲ ਗਈਆਂ ਹਨ, ਬਖਸ਼ਿਸ਼ ਮਿਲ ਗਈ ਹੈ, ਪ੍ਰਾਪਤੀ ਹੋ ਗਈ ਹੈ ਤੇ ਤੁਹਾਨੂੰ ਪਤਾ ਹੈ, ਜਿੱਥੇ ਮਿੱਠਾ ਹੋਵੇ, ਸ਼ਹਿਦ ਹੋਵੇ, ਉੱਥੇ ਆਪਣੇ ਆਪ ਮੱਖੀਆਂ ਪਹੁੰਚ ਜਾਂਦੀਆਂ ਹਨ। ਬਖਸ਼ਿਸ਼ ਹੋ ਗਈ ਹੈ। ਸੰਗਤ ਆਉਣੀ-ਜਾਣੀ ਸ਼ੁਰੂ। ਮਾਤਾ ਜੀ ਦਾ ਸੱਤਵਾਂ ਗੁਣ, ਜਦੋਂ ਪ੍ਰਾਪਤੀ ਹੋਣ ਤੋਂ ਬਾਅਦ ਧੰਨ ਗੁਰੂ ਅਮਰਦਾਸ ਜੀ ਮਹਾਰਾਜ ਬਾਸਰਕੇ ਆਏ, ਸੰਗਤ ਦੀ ਇੰਨੀ ਆਵਾਜਾਈ ਸ਼ੁਰੂ ਹੋ ਗਈ ਤੇ ਮਾਤਾ ਮਨਸਾ ਦੇਈ ਜੀ ਨੇ ਵੱਡੀ ਸੇਵਾ ਚੁੱਕ ਲਈ ਕਿ ਸਾਰੀ ਸੰਗਤ ਦੇ ਲੰਗਰ ਦਾ ਪ੍ਰਬੰਧ ਆਪ ਸੰਭਾਲਣਾ ਸ਼ੁਰੂ ਕਰ ਦਿੱਤਾ। ਇਹ ਕੋਈ ਛੋਟੀ ਗੱਲ ਹੈ। ਜੇ ਪਤੀ ਘਾਲਣਾ ਘਾਲ ਰਿਹਾ ਹੈ ਤੇ ਮਾਤਾ ਜੀ ਇਕੱਲਿਆਂ ਸਮਾਂ ਕੱਟ ਰਹੇ ਹਨ ਤੇ ਜੇ ਪਤੀ ਨੇ ਘਾਲਣਾ ਤੋਂ ਬਾਅਦ ਪ੍ਰਾਪਤੀ ਕਰ ਲਈ ਤੇ ਸੰਗਤਾਂ ਗੁਰੂ ਜੀ ਦੇ ਦਰਸ਼ਨਾਂ ਨੂੰ ਆਉਣੀਆਂ ਸ਼ੁਰੂ ਹੋ ਗਈਆਂ ਤੇ ਮਾਤਾ ਮਨਸਾ ਦੇਈ ਜੀ ਸੰਗਤਾਂ ਦੀ ਸੇਵਾ ਆਪ ਨਿਮਾਣੇ ਬਣ ਕੇ ਕਰ ਰਹੇ ਹਨ। ਇਹ ਹਨ, ਸਾਡੇ ਮਾਤਾ ਮਨਸਾ ਦੇਈ ਜੀ। ਜਦੋਂ ਸਤਿਗੁਰੂ ਜੀ ਘਾਲਣਾ ਘਾਲ ਰਹੇ ਨੇ ਤੇ ਉਦੋਂ ਇਕੱਲਾਪਣ ਕੱਟਿਆ। ਜਦੋਂ ਗੁਰਗੱਦੀ ਦੀ ਪ੍ਰਾਪਤੀ ਹੋ ਗਈ, ਸੰਗਤਾਂ ਆਉਣੀਆਂ ਸ਼ੁਰੂ ਹੋ ਗਈਆਂ ਤੇ ਇਹ ਨਹੀਂ ਸੋਚਿਆ ਕਿ ਮੇਰੇ ਪਤੀ ਨੇ ਹੁਣ ਪ੍ਰਾਪਤੀ ਕਰ ਲਈ ਹੈ ਤੇ ਮੈਂ ਕੁਝ ਬਣ ਕੇ ਬੈਠ ਜਾਵਾਂ। ਸੰਗਤਾਂ ਨੂੰ ਸੰਭਾਲਿਆ, ਆਪ ਹੱਥੀਂ ਸੇਵਾ ਕੀਤੀ। ਕੀ ਮਾਤਾ ਜੀ ਨੂੰ ਧੰਨ ਨਹੀਂ ਕਹਾਂਗੇ? ਜ਼ਰੂਰ ਕਹਾਂਗੇ।

ਹੁਣ ਇਹ ਅੱਠਵੀਂ ਵਿਸ਼ੇਸ਼ਤਾ ਬਹੁਤ ਧਿਆਨ ਦੇਣ ਵਾਲੀ ਹੈ। ਜ਼ਰਾ ਸੀਨ ਲਿਆਉਣਾ ਸਾਹਮਣੇ। ਇਧਰ ਦੂਜੇ ਪਾਤਸ਼ਾਹ ਜੀ ਖਡੂਰ ਸਾਹਿਬ ਵਿੱਚ। ਉਧਰ ਤੀਜੇ ਪਾਤਸ਼ਾਹ ਜੀ ਬਾਸਰਕੇ ਵਿੱਚ। ਧੰਨ ਗੁਰੂ ਅਮਰਦਾਸ ਜੀ ਨੂੰ ਧੰਨ ਗੁਰੂ ਅੰਗਦ ਦੇਵ ਜੀ ਨੇ ਬਾਸਰਕੇ ਭੇਜਿਆ। ਹੁਣ ਖਡੂਰ ਸਾਹਿਬ ਇੱਕ ਸਿੱਖ ਆਇਆ ਹੈ, ਜਿਸ ਦਾ ਨਾਂ ਇਤਿਹਾਸ 'ਚ ਭਾਈ ਗੋਂਦਾ ਜੀ ਲਿਖਿਆ ਹੈ। ਜਿੱਥੇ ਹੁਣ ਗੋਇੰਦਵਾਲ ਸਹਿਬ ਹੈ। ਗੋਇੰਦਵਾਲ ਸਾਹਿਬ ਇਸ ਸਿੱਖ ਦੇ ਨਾਂ ਤੇ ਹੀ ਬਣਿਆ, ਗੋਂਦਾ ਤੋਂ ਗੋਇੰਦਵਾਲ ਸਾਹਿਬ। ਧਿਆਨ ਦੇਣਾ। ਇਸ ਸਿੱਖ ਨੇ ਧੰਨ ਗੁਰੂ ਅੰਗਦ ਦੇਵ ਜੀ ਨੂੰ ਬੇਨਤੀ ਕੀਤੀ, ਮਹਾਰਾਜ ਜੀ! ਮੇਰੇ ਕੋਲ ਬਹੁਤ ਜਗ੍ਹਾ ਹੈ, ਮੈਂ ਨਗਰ ਵਸਾਉਣਾ ਚਾਹੁੰਦਾ ਹਾਂ। ਹੁਣ ਕਈ ਇਹ ਗੱਲ ਨਹੀਂ ਮੰਨਦੇ ਪਰ ਜੋ ਲਿਖਿਆ ਹੈ, ਦਾਸ ਨੂੰ ਬੋਲਣਾ ਪੈ ਰਿਹਾ ਹੈ। ਇਹ ਭਾਈ ਗੋਂਦਾ ਜੀ ਨੇ ਕੀ ਕਿਹਾ, ਮਹਾਰਾਜ ਜੀ! ਮੈਂ ਨਗਰ ਵਸਾਉਣਾ ਚਾਹੁੰਦਾ ਹਾਂ ਪਰ ਉੱਥੇ ਇਹੋ ਜਿਹੀਆਂ ਆਤਮਾਵਾਂ ਹਨ, ਸਮਝ ਲੈਣਾ:

***ਕਈ ਕੋਟਿ ਭੂਤ ਪ੍ਰੇਤ ਸੂਕਰ ਮ੍ਰਿਗਾਚ॥***

***(ਅੰਗ ੨੭੬)***

ਸਤਿਗੁਰੂ ਜੀ, ਜਿਹੜੀਆਂ ਬਿੱਧ ਨਹੀਂ ਬਣਨ ਦਿੰਦੀਆਂ। ਉਹ ਨਗਰ ਵੱਸਣ ਲਈ ਬਿੱਧ ਨਹੀਂ ਬਣਨ ਦਿੰਦੀਆਂ ਤੇ ਧੰਨ ਗੁਰੂ ਅੰਗਦ ਦੇਵ ਜੀ, ਮੈਂ ਆਪ ਜੀ ਦੇ ਸਿੱਖਾਂ ਦੇ ਘਰ ਵੀ ਬਣਾ ਦਿਆਂਗਾ। ਹੋਰ ਜੋ ਕਹੋਗੇ, ਜੋ ਤੁਸੀਂ ਆਗਿਆ ਦਿਓਗੇ, ਉਹੀ ਨਾਂ ਰੱਖ ਦਿਆਂਗਾ। ਮੇਰਾ ਮਨ ਹੈ, ਉੱਥੇ ਸਾਰਾ ਨਗਰ ਵਸ ਜਾਵੇ ਤੇ ਧੰਨ ਗੁਰੂ ਅੰਗਦ ਦੇਵ ਜੀ ਨੇ ਧੰਨ ਗੁਰੂ ਅਮਰਦਾਸ ਜੀ ਨੂੰ ਬਾਸਰਕੇ ਸੁਨੇਹਾ ਭੇਜਿਆ ਕਿ ਖਡੂਰ ਸਾਹਿਬ ਆਓ। ਤੀਜੇ ਪਾਤਸ਼ਾਹ ਜੀ ਆ ਗਏ। ਧੰਨ ਗੁਰੂ ਅੰਗਦ ਦੇਵ ਜੀ ਨੇ ਕਿਹਾ ਕਿ ਇਹ ਸਿੱਖ ਹੈ, ਭਾਈ ਗੋਂਦਾ। ਨਗਰ ਵਸਾਉਣਾ ਚਾਹੁੰਦਾ ਹੈ। ਨਾਂ ਅਸੀਂ ਰੱਖਾਂਗੇ ਗੋਇੰਦਵਾਲ ਤੇ ਤੁਸੀਂ ਇੱਕ ਗੇੜਾ (ਚੱਕਰ) ਲਗਾ ਕੇ ਆਓ, ਇਹ ਕਹਿੰਦਾ ਹੈ ਕਿ ਉੱਥੇ ਕੁਝ ਇਸ ਤਰ੍ਹਾਂ ਦਾ ਮਾਹੌਲ ਹੈ ਕਿ ਕੁਝ ਭੈੜੀਆਂ ਰੂਹਾਂ ਨਗਰ ਵੱਸਣ ਨਹੀਂ ਦਿੰਦੀਆਂ। ਇੱਕ ਗੇੜਾ (ਚੱਕਰ) ਲਗਾ ਕੇ ਆਓ ਤੇ ਸਾਨੂੰ ਆ ਕੇ ਦੱਸੋ। ਧਿਆਨ ਦੇਣਾ ਜੀ। ਧੰਨ ਗੁਰੂ ਅਮਰਦਾਸ ਜੀ ਗਏ ਜਿੱਥੇ ਹੁਣ ਸ੍ਰੀ ਗੋਇੰਦਵਾਲ ਸਾਹਿਬ ਹੈ, ਸਾਰੀ ਨਿਗ੍ਹਾ ਮਾਰੀ। ਮਾਲਕ ਸਨ, ਸਮਰੱਥ ਸਨ। ਗੁਰੂ ਨਾਲ ਪਿਆਰ ਕੀਤਾ ਹੈ, ਦਾਤਾਂ ਮਿਲੀਆਂ ਹੋਈਆਂ ਹਨ ਤੇ ਜਦੋਂ ਧੰਨ ਗੁਰੂ ਅਮਰਦਾਸ ਜੀ ਵਾਪਸ ਆਏ, ਧੰਨ ਗੁਰੂ ਅੰਗਦ ਦੇਵ ਜੀ ਕੋਲ ਤੇ ਇਹ ਲਫਜ਼ ਭਾਈ ਵੀਰ ਸਿੰਘ ਜੀ ਦੇ ਦਾਸ ਪੜ੍ਹ ਕੇ ਹੈਰਾਨ ਹੋ ਗਿਆ। ਧੰਨ ਗੁਰੂ ਅੰਗਦ ਦੇਵ ਜੀ ਕਹਿੰਦੇ, ਧੰਨ ਗੁਰੂ ਅਮਰਦਾਸ ਜੀ ਨੂੰ ਜਿਹੜਾ ਨਗਰ ਵਸਾਉਣਾ ਹੈ, ਉਸ ਜਗ੍ਹਾ ਦੀ ਕੀ ਪੁਜ਼ੀਸਨ ਹੈ? ਤੇ ਅੱਗੋਂ ਧੰਨ ਗੁਰੂ ਅਮਰਦਾਸ ਜੀ ਕਹਿੰਦੇ ਹਨ, ਜਗ੍ਹਾ ਸਖਤ ਹੈ। ਇਸ ਵਿੱਚ ਸਭ ਕੁਝ ਆ ਗਿਆ। ਨੋਟ ਕਰਿਓ, ਸਤਿਗੁਰੂ ਜੀ! ਜਗ੍ਹਾ ਸਖਤ ਹੈ, ਜਗ੍ਹਾ ਤੁਹਾਡੀ ਮਿਹਰ ਮੰਗਦੀ ਹੈ। ਤੁਹਾਡੀ ਮਿਹਰ ਹੋ ਜਾਵੇ, ਇਹ ਚੀਜ਼ਾਂ ਆਪੇ ਪਾਸੇ ਹੋ ਜਾਣਗੀਆਂ। ਵੇਖੋ, ਵਡਿਆਈ ਵੀ ਗੁਰੂ ਸਾਹਿਬ ਨੂੰ ਦੇ ਦਿੱਤੀ ਤੇ ਗੱਲ ਵੀ ਕਹਿ ਦਿੱਤੀ, ਜਿਹੜੀ ਕਹਿਣੀ ਸੀ। ਅੱਗੋਂ ਧੰਨ ਗੁਰੂ ਅੰਗਦ ਦੇਵ ਜੀ ਕਹਿੰਦੇ, ਪੁਰਖਾ! ਤੇਰੇ ਕਦਮਾਂ ਦੀ ਬਰਕਤ ਨਾਲ ਉਹ ਜਗ੍ਹਾ ਵੀ ਸੁਭਾਗੀ ਹੋ ਜਾਵੇਗੀ। ਇਹ ਭਾਈ ਵੀਰ ਸਿੰਘ ਜੀ ਨੇ ਲਿਖਿਆ ਹੈ, ਪੁਰਖਾ! ਤੇਰੇ ਕਦਮਾਂ ਦੀ ਬਰਕਤ ਨਾਲ ਉਹ ਜਗ੍ਹਾ ਵੀ ਸੁਭਾਗੀ ਹੋ ਜਾਵੇਗੀ।

ਭਾਈ ਵੀਰ ਸਿੰਘ ਜੀ ਨੇ ਲਿਖਿਆ ਹੈ ਕਿ ਧੰਨ ਗੁਰੂ ਅੰਗਦ ਦੇਵ ਜੀ ਦੇ ਹੱਥ ਵਿੱਚ ਛੜੀ ਸੀ। ਛੜੀ ਦੇ ਕੇ, ਗੁਰੂ ਅਮਰਦਾਸ ਜੀ ਨੂੰ ਕਹਿੰਦੇ, (ਗੁਰੂ) ਅਮਰਦਾਸ ਜੀ, ਇਹ ਸਾਡੀ ਛੜੀ ਲੈ ਲਵੋ ਤੇ ਜਿੱਥੇ-ਜਿੱਥੇ ਨਗਰ ਵਿੱਚ ਫੇਰੋਗੇ, ਉਹ ਧਰਤੀ ਸੁਭਾਗੀ ਬਣਦੀ ਜਾਵੇਗੀ। ਵੇਖੋ, ਸਾਡੇ ਪਿਤਾ ਜੀ ਕੌਣ ਹਨ? ਲੈ ਗਏ, ਛੜੀ। ਸ਼ੁਰੂ ਹੋ ਗਿਆ ਨਗਰ ਵੱਸਣਾ। ਲੱਗ ਗਏ ਮਿਸਤਰੀ ਮਜ਼ਦੂਰ। ਲੱਗ ਗਈਆਂ ਸਿੱਖ ਸੰਗਤਾਂ ਸੇਵਾ ਵਿੱਚ। ਉਹ ਜਿਹੜਾ, ਭਾਈ ਗੋਂਦਾ ਸੀ ਜਿਸ ਦੇ ਨਾਂ ਤੇ ਮਹਾਰਾਜ ਜੀ ਨੇ ਗੋਇੰਦਵਾਲ ਸਾਹਿਬ ਨਗਰ ਵਸਾਇਆ। ਇਸ ਨੇ ਕਿਹਾ ਸੀ ਕਿ ਮੈਂ ਸਿੱਖਾਂ ਦੇ ਘਰ ਵੀ ਬਣਾਉਣੇ ਹਨ ਤੇ ਫਿਰ ਇਸ ਨੇ ਸਿੱਖਾਂ ਦੇ ਘਰ ਵੀ ਬਣਵਾਏ ਅਤੇ ਧੰਨ ਗੁਰੂ ਅਮਰਦਾਸ ਜੀ ਵਾਸਤੇ ਵੀ ਬੜਾ ਸੁਹਣਾ ਘਰ ਬਣਵਾਇਆ। ਇੱਥੇ ਆ ਕੇ ਦਾਸ ਦਾ ਸਿਰ ਝੁਕ ਗਿਆ। ਧੰਨ ਗੁਰੂ ਅਮਰਦਾਸ ਜੀ ਕੁਝ ਮਹੀਨਿਆਂ ਬਾਅਦ ਜਦੋਂ ਗੋਇੰਦਵਾਲ ਸਾਹਿਬ ਆਏ ਤੇ ਘਰ ਵੇਖਿਆ, ਇੰਨੀ ਗੁਰੂ ਸਾਹਿਬ ਵਿੱਚ ਤਾਕਤ, ਸਾਹਮਣੇ ਘਰ ਵੇਖਿਆ ਤੇ ਸਾਰੇ ਸਿੱਖਾਂ ਨੇ ਮਹਾਰਾਜ ਜੀ ਨੂੰ ਕਿਹਾ, ਸਤਿਗੁਰੂ ਜੀ! ਇਹ ਘਰ ਆਪ ਜੀ ਦੇ ਰਹਿਣ ਲਈ ਬਣਾਇਆ ਹੈ। ਆਪ ਜੀ ਨੇ ਇਹ ਜਿਹੜਾ ਨਗਰ ਵਸਾਇਆ ਹੈ, ਗੋਇੰਦਵਾਲ ਸਾਹਿਬ ਤੇ ਇਹ ਘਰ ਆਪ ਜੀ ਦੇ

ਰਹਿਣ ਲਈ ਬਣਾਇਆ ਹੈ। ਭਾਈ ਵੀਰ ਸਿੰਘ ਜੀ ਨੇ ਲਿਖਿਆ ਹੈ, ਧੰਨ ਗੁਰੂ ਅਮਰਦਾਸ ਜੀ ਘਰ ਵੱਲ ਵੇਖ ਕੇ ਕਹਿਣ ਲੱਗੇ, ਨਫਰ ਲਈ। ਨਫਰ ਦਾ ਮਤਲਬ ਦਾਸ ਨੇ ਬੜਾ ਖੋਜਿਆ ਹੈ, ਨਫਰ ਨੌਕਰ ਨੂੰ ਕਹਿ ਲਓ। ਨਫਰ ਨੀਵੇਂ ਨੂੰ ਕਹਿ ਲਓ, ਨਫਰ ਸੇਵਕ ਨੂੰ ਕਹਿ ਲਓ। ਘਰ ਵੱਲ ਵੇਖ ਕੇ ਧੰਨ ਗੁਰੂ ਅਮਰਦਾਸ ਜੀ ਕੀ ਕਹਿੰਦੇ ਹਨ? ਨਫਰ ਲਈ ਇੰਨਾ ਸੁਹਣਾ ਘਰ। ਨਫਰ ਲਈ ਇੰਨਾ ਸੁਹਣਾ ਘਰ ਤੇ ਮੇਰਾ ਮਾਲਕ ਖਡੂਰ ਸਾਹਿਬ ਸਧਾਰਨ ਘਰ ਵਿੱਚ ਰਹੇ। ਇਹ ਬੜਾ ਵੱਡਾ ਗੁਣ ਹੈ। ਸਾਰੀਆਂ ਸੰਗਤਾਂ ਨੂੰ ਕਹਿੰਦੇ, ਇਹ ਨਫਰ, ਇਸ ਘਰ ਦੇ ਲਾਇਕ ਨਹੀਂ ਹੈ। ਇਸ ਨਫਰ ਨੂੰ ਝੁੱਗੀ ਚਾਹੀਦੀ ਹੈ। ਮੇਰੇ ਗੁਰੂ ਤੋਂ ਮੇਰਾ ਘਰ ਵੱਡਾ ਨਾ ਹੋਵੇ, ਇਹ ਕਿਵੇਂ ਹੋ ਸਕਦਾ ਹੈ ਕਿ ਮੇਰੇ ਗੁਰੂ ਦਾ ਸਧਾਰਨ ਘਰ ਰਹਿਣ ਤੇ ਨਫਰ ਦਾ ਸੁਹਣਾ ਘਰ ਹੋਵੇ, ਨਹੀਂ ਐਸਾ ਨਹੀਂ ਹੋ ਸਕਦਾ, ਮੈਨੂੰ ਝੁੱਗੀ ਹੀ ਚਾਹੀਦੀ ਹੈ। ਦਾਸ ਹੈਰਾਨ ਹੋ ਗਿਆ। ਤਸੱਲੀ ਵਾਸਤੇ ਚਾਰ-ਪੰਜ ਰਾਈਟਰਾਂ ਦੀਆਂ ਕਿਤਾਬਾਂ ਪੜ੍ਹੀਆਂ ਕਿ ਵਾਕਿਆ ਹੀ ਗੱਲ ਠੀਕ ਹੈ। ਧੰਨ ਗੁਰੂ ਅਮਰਦਾਸ ਜੀ ਕਹਿੰਦੇ, ਨਫਰ ਨੂੰ ਝੁੱਗੀ ਚਾਹੀਦੀ ਹੈ, ਮੇਰੇ ਗੁਰਦੇਵ ਖਡੂਰ ਸਾਹਿਬ ਸਧਾਰਨ ਘਰ ਵਿੱਚ ਰਹਿ ਰਹੇ ਹੋਣ ਤੇ ਮੈਂ ਇਸ ਘਰ ਵਿੱਚ ਰਹਾਂ ਇਹ ਨਹੀਂ ਹੋ ਸਕਦਾ। ਅਜੇ ਇਹ ਕਹਿ ਕੇ ਚਾਰ ਕਦਮ ਪਾਸੇ ਹੋਏ ਤੇ ਉਸ ਘਰ ਨੂੰ ਅੱਗ ਲੱਗ ਗਈ। ਧਿਆਨ ਦੇਣਾ। ਇਹ ਹਨ, ਧੰਨ ਗੁਰੂ ਅਮਰਦਾਸ ਜੀ। ਪਿਤਾ ਜੀ ਦੀ ਕਮਾਈ ਬਹੁਤ ਸੀ।

ਹੁਣ ਤੁਹਾਨੂੰ ਪਤਾ ਹੀ ਹੈ। ਧੰਨ ਗੁਰੂ ਅਮਰਦਾਸ ਜੀ ਮਹਾਰਾਜ ਦਾ ਇੱਕ ਹੱਡੀ 'ਤੇ ਪੈਰ ਆ ਗਿਆ ਸੀ, ਉਹ ਆਤਮਾ ਸਾਹਮਣੇ ਆ ਕੇ ਖੜ੍ਹੀ ਹੋ ਗਈ ਤੇ ਸਿੱਖਾਂ ਦੇ ਅੰਦਰ ਜਿਹੜੀ ਤਰੇੜ ਸੀ, ਉਨ੍ਹਾਂ ਨੇ ਪੁੱਛਿਆ ਕਿ ਤੂੰ ਕੌਣ ਏਂ? ਉਹ ਕਹਿਣ ਲੱਗੀ ਕਿ ਮੈਂ ਭਟਕਦੀ ਹੋਈ ਆਤਮਾ ਹਾਂ। ਧੰਨ ਗੁਰੂ ਅਮਰਦਾਸ ਜੀ ਮਹਾਰਾਜ ਦਾ ਚਰਨ ਮੇਰੀ ਹੱਡੀ ਤੇ ਆ ਗਿਆ ਹੈ ਤੇ ਹੁਣ ਮੈਂ ਸੱਚਖੰਡ ਨੂੰ ਜਾ ਰਹੀ ਹਾਂ। ਮਹਾਰਾਜ ਜੀ ਦੀ ਇੰਨੀ ਕਮਾਈ ਸੀ। ਧੰਨ ਗੁਰੂ ਅਮਰਦਾਸ ਜੀ ਦੀ ਇੰਨੀ ਬੰਦਗੀ ਸੀ। ਇੱਕ ਘਰ ਬਾਰੇ ਇੰਨਾ ਹੀ ਕਿਹਾ ਹੈ, ਨਫਰ ਲਈ ਇੰਨਾ ਸੁਹਣਾ ਘਰ ਤੇ ਮੇਰੇ ਗੁਰਦੇਵ ਸਧਾਰਨ ਜਿਹੇ ਘਰ ਵਿੱਚ ਰਹਿ ਰਹੇ ਹੋਣ। ਮੈਨੂੰ ਝੁੱਗੀ ਦੀ ਲੋੜ ਹੈ, ਇਹ ਨਹੀਂ ਚਾਹੀਦਾ।

ਘਰ ਨੂੰ ਅੱਗ ਲੱਗ ਗਈ। ਜਦੋਂ ਘਰ ਨੂੰ ਅੱਗ ਲੱਗ ਗਈ ਤੇ ਸਾਰੀਆਂ ਸੰਗਤਾਂ ਕਹਿਣ ਲੱਗੀਆਂ, ਸਾਡੀ ਸੇਵਾ ਥਾਂਏਂ ਨਹੀਂ ਪਈ। ਜਿਹੜਾ ਅਸੀਂ ਗੁਰੂ ਸਾਹਿਬ ਲਈ ਘਰ ਬਣਾਇਆ ਹੈ, ਸਾਡੀ ਸੇਵਾ ਥਾਂਏਂ ਨਹੀਂ ਪਈ। ਗਰੀਬ ਨਿਵਾਜ, ਸੱਚੇ ਪਾਤਸ਼ਾਹ! ਇਹ ਕੀ ਹੋ ਗਿਆ? ਮਹਾਰਾਜ ਜੀ ਕਹਿੰਦੇ, ਇੱਕ ਨਫਰ ਲਈ ਇੰਨਾ ਸੁਹਣਾ ਮੰਦਰ ਤੇ ਮੇਰੇ ਗੁਰੂ ਸਧਾਰਨ ਘਰ ਵਿੱਚ ਰਹਿ ਰਹੇ ਹੋਣ। ਹੁਣ ਪਾਣੀ ਪਾਓ। ਅੱਗ ਲੱਗੀ ਹੋਈ ਹੈ, ਘਰ ਨੂੰ ਤੇ ਧੰਨ ਗੁਰੂ ਅਮਰਦਾਸ ਜੀ ਮਹਾਰਾਜ ਕਹਿੰਦੇ ਹਨ, ਹੁਣ ਪਾਣੀ ਪਾਓ। ਅੱਗ ਬੁਝਾਓ ਤੇ ਧੰਨ ਗੁਰੂ ਅਮਰਦਾਸ ਜੀ ਮਹਾਰਾਜ ਕਹਿੰਦੇ, ਜਿੰਨੀ ਲੱਕੜੀ ਕਾਠ ਦੀ ਬਚ ਜਾਵੇਗੀ, ਉਸ ਲੱਕੜੀ ਨਾਲ ਮੇਰੇ ਵਾਸਤੇ ਚੁਬਾਰਾ ਤਿਆਰ ਕਰ ਦੇਣਾ। ਜਿੱਥੇ ਅੱਜ ਦਰਸ਼ਨ ਕਰਦੇ ਹੋ, ਗੁਰਦੁਆਰਾ ਚੁਬਾਰਾ ਸਾਹਿਬ, ਗੋਇੰਦਵਾਲ ਸਾਹਿਬ ਵਿਖੇ ਉਹ ਇਹੀ ਚੁਬਾਰਾ ਹੈ ਜਿਹੜਾ ਉਸ ਸਮੇਂ ਤੀਜੇ ਪਾਤਸ਼ਾਹ ਜੀ ਦੇ ਕਹਿਣ ਤੇ ਸੰਗਤਾਂ ਵੱਲੋਂ ਨਿੱਕਾ ਜਿਹਾ ਚੁਬਾਰਾ ਤਿਆਰ ਕੀਤਾ ਗਿਆ ਸੀ। ਹੁਣ ਧਿਆਨ ਦੇਣਾ, ਮਾਤਾ ਜੀ ਦੀ ਗੱਲ ਵੱਲ। ਕਈ ਵਾਰ ਪਤੀ ਇੰਨਾ ਤਿਆਗ ਕਰੇ, ਸੁਹਣੇ ਘਰ ਦਾ। ਤੇ ਗੁੱਸਾ ਨਾ ਕਰਿਓ, ਬੀਬੀਆਂ ਕਈ ਵਾਰ ਅੜ ਜਾਂਦੀਆਂ ਹਨ ਕਿ ਇੰਨਾ ਸੁਹਣਾ ਘਰ ਮਿਲ ਰਿਹਾ ਸੀ, ਇਹ ਕੀ ਕੀਤਾ ਹੈ।

ਹੁਣ ਨੋਟ ਕਰਿਓ। ਹੁਣ ਇੱਥੇ ਆ ਕੇ ਮਾਤਾ ਜੀ ਨੂੰ ਧੰਨ ਕਹਿਣਾ ਪਵੇਗਾ ਕਿ ਮਹਾਰਾਜ ਜੀ ਨੇ ਸੁਹਣੇ ਘਰ ਦਾ ਤਿਆਗ ਕੀਤਾ, ਸਾਦੀ ਝੁੱਗੀ, ਨਿੱਕਾ ਜਿਹਾ ਚੁਬਾਰਾ ਬਣਵਾਇਆ ਪਰ ਮਾਤਾ ਮਨਸਾ ਦੇਈ ਜੀ ਉਸ ਸਮੇਂ ਵੀ ਰੁਕਾਵਟ ਨਹੀਂ ਬਣੇ। ਮੈਂ ਸਾਦੇ ਘਰ ਵਿੱਚ ਰਹਿ ਲਵਾਂਗੀ ਪਰ ਮੈਨੂੰ, ਧੰਨ ਗੁਰੂ ਅਮਰਦਾਸ ਜੀ ਮਹਾਰਾਜ, ਤੁਹਾਡੀ ਪਰਵਾਰਿਕ ਖੁਸ਼ੀ ਚਾਹੀਦੀ ਹੈ। ਉਦੋਂ ਵੀ ਸਾਥ ਦਿੱਤਾ। ਫਿਰ ਧੰਨ ਗੁਰੂ ਅਮਰਦਾਸ ਜੀ ਇੱਥੇ ਗੋਇੰਦਵਾਲ ਸਾਹਿਬ ਆ ਕੇ ਵਸ ਗਏ ਕਿਉਂਕਿ ਧੰਨ ਗੁਰੂ ਅੰਗਦ ਦੇਵ ਜੀ ਨੇ ਕਿਹਾ ਸੀ ਕਿ ਸਾਰਾ ਪਰਿਵਾਰ ਇੱਥੇ ਲੈ ਆਓ।

ਅੱਜ ਤੁਸੀਂ ਵਧਾਈ ਦੀਆਂ ਪਾਤਰ ਹੋ, ਬੀਬੀਓ। ਉਸ ਸਮੇਂ ਘੁੰਡ ਦੀ ਪ੍ਰਥਾ ਸੀ। ਮਾਤਾ ਮਨਸਾ ਦੇਈ ਜੀ ਸੰਗਤਾਂ ਨੂੰ ਨਾਲ ਲੈ ਕੇ ਸੇਵਾ ਕਰਵਾਉਂਦੇ ਸੀ। ਇਹ ਮਾਤਾ ਮਨਸਾ ਦੇਈ ਜੀ ਨੇ ਧੰਨ ਗੁਰੂ ਅਮਰਦਾਸ ਜੀ ਨੂੰ ਕਿਹਾ ਸੀ ਕਿ ਮਹਾਰਾਜ ਜੀ, ਬੀਬੀਆਂ ਸੇਵਾ ਤਾਂ ਬਹੁਤ ਕਰਦੀਆਂ ਹਨ ਪਰ ਇਹ ਘੁੰਡ ਦੀ ਬੜੀ ਮੁਸ਼ਕਲ ਹੈ। ਉਦੋਂ ਬੀਬੀਆਂ ਵਿੱਚ ਘੁੰਡ ਕੱਢਣ ਦਾ ਰਿਵਾਜ ਸੀ। ਮਹਾਰਾਜ ਜੀ ਨੇ ਫਿਰ ਇਹ ਪਹਿਲਾ ਕਦਮ ਚੁੱਕਿਆ, ਜਿਹੜਾ ਗੁਰੂ ਘਰ ਆਵੇ, ਉਹ ਘੁੰਡ ਨਹੀਂ ਕੱਢੇਗਾ। ਫਿਰ ਹੌਲੀ-ਹੌਲੀ ਬਾਹਰ ਚੱਲ ਪਿਆ। ਪਹਿਲਾਂ ਗੁਰੂ ਘਰ ਬੈਨ ਲਗਾਇਆ। ਘੁੰਡ ਦੀ ਪ੍ਰਥਾ ਬੰਦ ਕਰਵਾਈ, ਇਸ ਵਿੱਚ ਵੀ ਕਿਸ ਦਾ ਸਹਿਯੋਗ ਸੀ? ਮਾਤਾ ਮਨਸਾ ਦੇਈ ਜੀ ਦਾ। ਇਸ ਤੋਂ ਬਾਅਦ ਜਿਹੜੀ ਪ੍ਰਥਾ ਸੀ, ਪਤੀ ਦੇ ਚੜ੍ਹਾਈ ਕਰ ਜਾਣ ਤੇ ਬੀਬੀ ਦੇ ਨਾਲ ਸਤੀ ਹੋਣ ਦੀ। ਜੇ ਉਸ ਨੂੰ ਬੰਦ ਕਰਵਾਇਆ ਤੇ ਉਸ ਵਿੱਚ ਵੀ ਮਾਤਾ ਮਨਸਾ ਦੇਈ ਜੀ ਦਾ ਯੋਗਦਾਨ ਸੀ। ਤੀਜਾ, ਵਿਧਵਾ ਵਿਆਹ ਸ਼ੁਰੂ ਕਰਵਾਇਆ। ਉਸ ਸਮੇਂ ਜੇ ਕੋਈ ਵਿਧਵਾ ਹੋ ਜਾਂਦੀ ਸੀ ਤੇ ਉਹ ਵਿਆਹ ਨਹੀਂ ਕਰਵਾ ਸਕਦੀ ਸੀ, ਮਾਤਾ ਮਨਸਾ ਦੇਈ ਜੀ ਨੇ ਸਤਿਗੁਰਾਂ ਅੱਗੇ ਬੇਨਤੀ ਕਰਕੇ ਵਿਧਵਾ ਵਿਆਹ ਸ਼ੁਰੂ ਕਰਵਾਇਆ। ਇਸ ਵਿੱਚ ਵੀ ਸਹਿਯੋਗ ਮਾਤਾ ਮਨਸਾ ਦੇਈ ਜੀ ਦਾ, ਕਿਉਂਕਿ ਸੰਗਤਾਂ ਨੂੰ ਨਾਲ ਲੈ ਕੇ ਰੱਖਦੇ ਸੀ। ਹੁਣ ਇੱਕ ਜੈਕਾਰਾ ਦੇਣਾ ਪਿਆਰ ਨਾਲ, ਮਾਤਾ ਮਨਸਾ ਦੇਈ ਜੀ ਦਾ ਗੁਰੂ ਅਮਰਦਾਸ ਜੀ ਮਹਾਰਾਜ ਨਾਲ, ਗੁਰੂ ਘਰ ਦੀਆਂ ਸੇਵਾਵਾਂ ਵਿੱਚ ਇੰਨਾ ਸਹਿਯੋਗ ਕਿ ਜਿਹੜੀਆਂ 22 ਮੰਜੀਆਂ ਚੱਲੀਆਂ, ਉਨ੍ਹਾਂ ਵਿੱਚੋਂ 84 ਪੀੜ੍ਹੀਆਂ ਵਿੱਚ ਬੀਬੀਆਂ ਨੂੰ ਵੀ ਸੇਵਾ ਮਿਲੀ, ਮਾਤਾ ਮਨਸਾ ਦੇਈ ਜੀ ਦੇ ਸਦਕੇ। ਹੁਣ ਇੱਥੇ ਆ ਕੇ ਕਿਵੇਂ ਨਾ ਧੰਨ ਕਹੀਏ, ਉਨ੍ਹਾਂ ਸਤਿਕਾਰਤ ਬੀਬੀਆਂ ਨੂੰ ਜਿਨ੍ਹਾਂ ਦਾ ਸਿੱਖ ਪੰਥ ਵਿੱਚ ਇੰਨਾ ਵੱਡਾ ਰੋਲ ਹੈ, ਇੰਨਾ ਵੱਡਾ ਸਹਿਯੋਗ ਹੈ। ਇੱਕ ਵਾਰੀ ਸਾਰੇ ਪਿਆਰ ਨਾਲ ਕਹੋ:

***ਧੰਨ ਧੰਨ ਮਾਤਾ ਮਨਸਾ ਦੇਈ ਜੀ।***

ਸ਼ਬਦ ਦੀਆਂ ਪੰਕਤੀਆਂ ਪੜ੍ਹੋ ਸਾਰੇ ਫਿਰ ਸਮਾਪਤੀ ਹੈ:

***ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥***

***(ਅੰਗ ੪੭੩)***

***—ਅਗਲੇ ਅੰਕ ਵਿੱਚ ਸਤਾਰ੍ਹਵਾਂ ਭਾਗ ਪੜ੍ਹੋ ਜੀ।***

**ਘੱਟ ਬੋਲਣ ਵਾਲਾ ਤੇ ਸੋਚ ਕੇ ਬੋਲਣ ਵਾਲਾ ਸਰੀਰ ਕਦੀ ਖੱਜਲ-ਖੁਆਰ ਨਹੀਂ ਹੁੰਦਾ।**

*-ਗਿਆਨੀ ਸੰਤ ਸਿੰਘ ਜੀ ਮਸਕੀਨ*

ਸਵਾਲ ਜਵਾਬ

# ਜ਼ਿੰਦਗੀ ਦੀਆਂ ਬਰੀਕੀਆਂ

ਸਤਿਗੁਰੂ ਜੀ ਦੀ ਕ੍ਰਿਪਾ ਅਤੇ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੀ ਪ੍ਰੇਰਨਾ ਨਾਲ ਜ਼ਿੰਦਗੀ ਦੀਆਂ ਬਰੀਕੀਆਂ ਕਾਲਮ 'ਸਿਫਤਿ ਸਾਲਾਹ ਰਸਾਲੇ' ਵਿੱਚ ਪਿਛਲੇ ਕਈ ਸਾਲਾਂ ਤੋਂ ਪ੍ਰਕਾਸ਼ਿਤ ਹੋ ਰਿਹਾ ਹੈ। ਇਸ ਕਾਲਮ ਵਿੱਚ ਸੰਗਤਾਂ ਵੱਲੋਂ ਭਾਈ ਸਾਹਿਬ ਜੀ ਨੂੰ ਸਮੇਂ-ਸਮੇਂ ਤੇ ਪੁੱਛੇ ਜਾਂਦੇ ਸਵਾਲਾਂ ਦੇ ਜਵਾਬ ਦਿੱਤੇ ਜਾਂਦੇ ਹਨ ਤਾਂ ਕਿ ਗੁਰਮਤਿ ਅਨੁਸਾਰ ਉਨ੍ਹਾਂ ਪ੍ਰਸ਼ਨਾਂ ਦਾ, ਉਨ੍ਹਾਂ ਸੰਸਿਆਂ ਦਾ ਨਿਵਾਰਨ ਕੀਤਾ ਜਾ ਸਕੇ ਅਤੇ ਜ਼ਿੰਦਗੀ ਦੀਆਂ ਬਰੀਕੀਆਂ ਨਿਕਲ ਸਕਣ। ਇਸੇ ਕਾਲਮ ਦੀ ਲੜੀ ਨੂੰ ਅੱਗੇ ਤੋਰਦਿਆਂ ਹੱਥਲੇ ਅੰਕ ਤੋਂ ਭਾਈ ਸਾਹਿਬ ਜੀ ਦੇ ਕੀਰਤਨ ਦੇ ਉਨ੍ਹਾਂ ਅੰਸ਼ਾਂ ਨੂੰ ਸਵਾਲ-ਜਵਾਬ ਦੇ ਰੂਪ ਵਿੱਚ ਹੂ-ਬ-ਹੂ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ ਜਿਨ੍ਹਾਂ ਵਿੱਚ ਭਾਈ ਸਾਹਿਬ ਜੀ ਕੀਰਤਨ ਕਰਦਿਆਂ ਸੰਗਤਾਂ ਨੂੰ ਆਮ ਪੇਸ਼ ਆਉਂਦੀਆਂ ਦੁਨਿਆਵੀਂ ਤੇ ਅਧਿਆਤਮਿਕ ਸਮੱਸਿਆਵਾਂ ਦਾ ਗੁਰਮਤਿ ਅਨੁਸਾਰ ਸਮਾਧਾਨ ਦੱਸਦੇ ਹਨ।

*ਲੜੀ ਜੋੜਨ ਲਈ 138 ਅੰਕ ਦੇਖੋ ਜੀ :-*

**478. ਸਵਾਲ: ਸਤਿਕਾਰਯੋਗ ਵੀਰ ਜੀ, ਹਰ ਸਮੇਂ ਅੰਦਰ ਦੀ ਕਲਪਨਾ ਬਣੀ ਰਹਿੰਦੀ ਹੈ। ਕੋਈ ਸੋਝੀ ਬਖਸ਼ੋ ਜਿਸ ਨਾਲ ਅੰਦਰ ਦੇ ਕਲੇਸ਼ ਨੂੰ ਕੋਈ ਬੰਨ ਪਵੇ? ਅੰਦਰ ਦੀ ਕਲਪਨਾ ਖਤਮ ਹੋਵੇ ਤੇ ਜੀਵਨ ਸਹਿਜ ਵਿੱਚ ਆਵੇ।**

**ਜਵਾਬ:** ਅੰਦਰ ਦਾ ਜਿਹੜਾ ਕਲੇਸ਼ ਹੈ, ਅੰਦਰ ਦੀ ਜਿਹੜੀ ਕਲਪਨਾ ਹੈ, ਇਸ ਦੇ ਸਾਏ ਵਿੱਚ, ਇਸ ਦੀ ਅਗਨੀ ਵਿੱਚ ਸਾਰਾ ਸੰਸਾਰ ਜਲ ਰਿਹਾ ਹੈ। ਇਨਸਾਨ ਦੀ ਤ੍ਰਿਸ਼ਨਾ, ਇਨਸਾਨ ਦਾ ਲੋਭ ਇਹ ਹਰ ਸਮੇਂ ਅੰਦਰ ਦਾ ਸਿਸਟਮ, ਅੰਦਰ ਦਾ ਸੰਤੁਲਨ, ਅੰਦਰ ਦਾ ਬੈਲੰਸ ਵਿਗਾੜ ਕੇ ਰੱਖ ਦਿੰਦਾ ਹੈ। ਐਵੇਂ ਨਹੀਂ ਧੰਨ ਗੁਰੂ ਨਾਨਕ ਮਹਾਰਾਜ ਜੀ ਨੇ ਗੁਰਬਾਣੀ ਰਾਹੀਂ ਫ਼ਰਮਾਇਆ ਹੈ:

*ਨਾਨਕ ਦੁਖੀਆ ਸਭੁ ਸੰਸਾਰੁ ॥*

*(ਅੰਗ ੯੫੪)*

ਸਿੱਖ ਇਤਿਹਾਸ ਦੇ ਪੰਨੇ ਫਰੋਲੀਏ, ਇੱਕ ਬੜੀ ਹੀ ਪਿਆਰੀ ਸਾਖੀ ਸਾਹਮਣੇ ਆਉਂਦੀ ਹੈ ਜਿਸ ਨੂੰ ਪੜ੍ਹ ਕੇ ਇਹ ਸੋਝੀ ਮਿਲਦੀ ਹੈ ਕਿ ਅੰਦਰ ਦੀ ਕਲਪਨਾ, ਅੰਦਰ ਦਾ ਕਲੇਸ਼ ਕਿਵੇਂ ਦੂਰ ਹੋਵੇ? ਸਾਡੇ ਬਾਬਾ ਜੀ, ਧੰਨ ਗੁਰੂ ਨਾਨਕ ਮਹਾਰਾਜ ਜੀ ਟਾਪੂਆਂ ਵਿੱਚ ਵੀ ਗਏ ਹਨ। ਉੱਥੋਂ ਦਾ ਰਾਜਾ ਸ਼ਿਵਨਾਭ ਮਹਾਰਾਜ ਜੀ ਦਾ ਭਗਤ ਬਣਿਆ, ਚਰਨਾਂ ਦਾ ਆਸ਼ਕ ਬਣਿਆ। ਰਾਜਾ ਸ਼ਿਵਨਾਭ ਇੱਕ ਦਿਨ ਧੰਨ ਗੁਰੂ ਨਾਨਕ ਮਹਾਰਾਜ ਜੀ ਦੇ ਚਰਨਾਂ ਵਿੱਚ ਬੇਨਤੀ ਕਰਦਾ ਹੈ, ਮਹਾਰਾਜ ਜੀ:

*ਕਰਹੁ ਆਪਨੋ ਬਰ ਉਪਦੇਸ਼ੂ।*
*ਜਿਹਂ ਤੇ ਮਿਟਿਹੈ ਜਗਤ ਕਲੇਸ਼ੂ।*

*(ਸ੍ਰੀ ਨਾਨਕ ਪ੍ਰਕਾਸ਼)*

ਕੋਈ ਇਸ ਪ੍ਰਕਾਰ ਦੀ ਸੋਝੀ ਬਖਸ਼ੋ, ਕੋਈ ਅਜਿਹਾ ਉਪਦੇਸ਼ ਦੱਸੋ ਜਿਸ ਨਾਲ ਅੰਦਰ ਦਾ ਕਲੇਸ਼ ਮਿਟ ਜਾਵੇ, ਹਿਰਦੇ ਦੀ ਕਲਪਨਾ ਮਿਟ ਜਾਵੇ। ਧੰਨ ਗੁਰੂ ਨਾਨਕ ਮਹਾਰਾਜ ਜੀ ਨੇ ਰਾਜਾ ਸ਼ਿਵਨਾਭ ਦਾ ਇਹ ਸੰਸਾ ਸੁਣ ਕੇ, ਉਸ ਦਾ ਇਹ ਪ੍ਰਸ਼ਨ ਸੁਣ ਕੇ ਜਵਾਬ ਕੀ ਦਿੱਤਾ? ਮਹਾਰਾਜ ਜੀ ਕਹਿਣ ਲੱਗੇ, "ਰਾਜਾ ਸ਼ਿਵਨਾਭ, ਅੰਦਰ ਦਾ ਕਲੇਸ਼ ਉਦੋਂ ਖਤਮ ਹੋਵੇਗਾ ਜਦੋਂ ਬੰਦੇ ਦਾ ਮਨ ਨਿਰਮਲ ਹੋ ਜਾਵੇਗਾ।" ਮਨ ਨਿਰਮਲ ਕਰਨ ਵਾਸਤੇ ਪਹਿਲਾ ਸਾਧਨ ਇਹ ਹੈ ਕਿ ਤਿੰਨ ਤਰ੍ਹਾਂ ਦੀ ਹਿੰਸਾ ਤੋਂ ਬਚੋ। ਰਾਜਾ ਸ਼ਿਵਨਾਭ ਪੁੱਛਦਾ ਹੈ, ਮਹਾਰਾਜ ਜੀ, ਤਿੰਨ

ਤਰ੍ਹਾਂ ਦੀ ਹਿੰਸਾ ਕਿਹੜੀ ਹੈ? ਸਤਿਗੁਰੂ ਜੀ ਫ਼ਰਮਾਉਂਦੇ ਹਨ, ਪਹਿਲੀ ਹਿੰਸਾ ਹੈ, ਸਰੀਰ ਕਰਕੇ ਕਿਸੇ ਦੂਜੇ ਨੂੰ ਮਾਰਨਾ। ਦੂਜੀ ਹਿੰਸਾ ਹੈ, ਮਨ ਵਿੱਚ ਕਿਸੇ ਦਾ ਬੁਰਾ ਚਿਤਵਨਾ ਤੇ ਤੀਜੀ ਪ੍ਰਕਾਰ ਦੀ ਹਿੰਸਾ ਹੈ, ਆਪਣੇ ਮੁੱਖ ਵਿੱਚੋਂ, ਆਪਣੇ ਮੂੰਹ ਵਿੱਚੋਂ ਕਿਸੇ ਨੂੰ ਅਜਿਹਾ ਬੋਲ ਬੋਲਣਾ ਕਿ ਜਿਸ ਨਾਲ ਦੂਜੇ ਦਾ ਦਿਲ ਦੁਖ ਜਾਵੇ, ਦੂਜਾ ਦੁਖੀ ਹੋ ਜਾਵੇ। ਸ੍ਰੀ ਨਾਨਕ ਪ੍ਰਕਾਸ਼ ਵਿੱਚ ਇਸ ਦਾ ਵੇਰਵਾ ਦਿੱਤਾ ਹੈ:

***ਦੋਹਰਾ :***

***ਏਕ ਅਹਿੰਸਾ ਜਾਨਿਯੇ, ਮਨ ਬਚ ਕਾਂਯਾਂ ਤੀਨ ।***
***ਪਰ ਕੋ ਬੁਰਾ ਜਿ ਚਿਤਵਨਾ, ਮਨ ਦੀ ਹਿੰਸਾ ਚੀਨ ॥੨੮॥***

***ਚੌਪਈ:***

***ਫਿੱਕਾ ਬੋਲ ਦੁਖਾਇ ਹਨਾਵੈ ।***
***ਹਿੰਸਾ ਬਚਨਨ ਕੀ ਕਹਿਲਾਵੇ ।***
***ਤੀਜੀ ਮਾਰਨ ਜੀਵਨ ਕੇਰੀ ।***
***ਤਜਾਗੈ ਇਨ ਕੋ ਹੈ ਬਿਨ ਦੇਰੀ ॥੨੯॥***

*(ਸ੍ਰੀ ਨਾਨਕ ਪ੍ਰਕਾਸ਼)*

ਮਹਾਰਾਜ ਜੀ ਕਹਿੰਦੇ, ਮਨ ਵਿੱਚ ਕਿਸੇ ਦਾ ਬੁਰਾ ਚਿਤਵਨਾ, ਫਿੱਕਾ ਬੋਲ ਕੇ ਕਿਸੇ ਦਾ ਦਿਲ ਦੁਖਾਉਣਾ ਤੇ ਕਿਸੇ ਨੂੰ ਸਰੀਰ ਕਰਕੇ ਮਾਰਨਾ, ਇਹ ਤਿੰਨ ਪ੍ਰਕਾਰ ਦੀ ਹਿੰਸਾ ਹੈ। ਅਸੀਂ ਸੰਸਾਰੀ ਜੀਵ ਹਾਂ। ਜੀਵਨ ਵਿੱਚ ਵਿਚਰਦਿਆਂ ਜੇ ਕਿਸੇ ਨਾਲ ਮਾੜਾ ਬੋਲਿਆ ਜਾਵੇ, ਫਿੱਕਾ ਬੋਲਿਆ ਜਾਵੇ, ਕਦੀ ਸ਼ਰਮ ਨਾ ਕਰੋ, ਆਪ ਉਸ ਕੋਲ ਜਾ ਕੇ ਮਾਫੀ ਮੰਗ ਲਓ ਜਿਸ ਪ੍ਰਤੀ ਫਿੱਕਾ ਬਚਨ ਬੋਲਿਆ ਗਿਆ ਹੈ। ਆਪਣੇ ਜੀਭ ਦੇ ਸੁਆਦ ਲਈ ਕਿਸੇ ਜੀਵ ਨੂੰ ਮਾਰਨਾ, ਇਹ ਵੀ ਹਿੰਸਾ ਦਾ ਰੂਪ ਹੈ। ਇਸ ਕਰਕੇ ਜੇ ਚਾਹੁੰਦੇ ਹੋ, ਅੰਦਰ ਦਾ ਕਲੇਸ਼ ਖਤਮ ਹੋ ਜਾਵੇ ਤੇ ਪਹਿਲੀ ਜੁਗਤੀ ਇਹ ਹੈ ਕਿ ਤਿੰਨ ਪ੍ਰਕਾਰ ਦੀ ਹਿੰਸਾ ਤੋਂ ਬਚ ਕੇ ਰਹੋ।

ਦੂਜਾ, ਮਹਾਰਾਜ ਜੀ ਨੇ ਬਚਨ ਕੀਤਾ, ਹਰ ਵੇਲੇ ਸੱਚ ਪੱਲੇ ਬੰਨ ਕੇ ਰੱਖੋ ਤੇ ਝੂਠ ਤੋਂ ਪਾਸੇ ਰਹੋ। ਬਾਕੀ ਦਾਸ ਇੱਥੇ ਇਹ ਗੱਲ ਖੋਲ੍ਹ ਦੇਵੇ ਕਿ ਜਿਸ ਸੱਚ ਨਾਲ ਕਿਸੇ ਦਾ ਨੁਕਸਾਨ ਹੁੰਦਾ ਹੋਵੇ, ਕਿਸੇ ਦੀ ਜਾਨ ਨੂੰ ਖਤਰਾ ਬਣਦਾ ਹੋਵੇ, ਉੱਥੇ ਫਿਰ ਸੱਚ ਬੋਲਣ ਤੋਂ ਸੰਕੋਚ ਰੱਖੋ।

ਤੀਜਾ, ਮਹਾਰਾਜ ਜੀ ਨੇ ਬਚਨ ਕੀਤਾ, ਚੋਰੀ ਤੋਂ ਸਿੱਖ ਬਚ ਕੇ ਰਹੇ ਤੇ ਨਾਲ ਮਹਾਰਾਜ ਜੀ ਨੇ ਇਹ ਵੀ ਕਿਹਾ, ਚੋਰੀ ਦੋ ਤਰ੍ਹਾਂ ਦੀ ਹੈ। ਰਾਜਾ ਸ਼ਿਵਨਾਭ ਪੁੱਛਦਾ ਹੈ, ਮਹਾਰਾਜ ਜੀ, ਦੋ ਪ੍ਰਕਾਰ ਦੀ ਚੋਰੀ ਕਿਹੜੀ ਹੈ? ਤੇ ਮਹਾਰਾਜ ਜੀ ਨੇ ਅੱਗੋਂ ਬਚਨ ਕੀਤਾ, ਇੱਕ ਹੈ- ਤਨ ਦੀ ਚੋਰੀ ਤੇ ਦੂਜੀ ਹੈ- ਮਨ ਦੀ ਚੋਰੀ। ਕਿਸੇ ਦੀ ਵਸਤੂ ਚੁੱਕ ਲੈਣੀ, ਇਹ ਹੈ ਤਨ ਦੀ ਚੋਰੀ। ਇਸੇ ਤਰ੍ਹਾਂ ਕੋਈ ਪਾਪ ਕਰਕੇ ਉਸਨੂੰ ਛੁਪਾ ਕੇ ਰੱਖਣਾ, ਇਹ ਮਨ ਦੀ ਚੋਰੀ ਹੈ। ਕੋਈ ਪਾਪ ਕਰਦਾ ਹੈ ਤੇ ਅੰਦਰੋਂ ਸੋਚਦਾ ਹੈ ਕਿਸੇ ਨੂੰ ਕੀ ਪਤਾ। ਇਹ ਹੈ, ਮਨ ਦੀ ਚੋਰੀ।

ਚੌਥਾ, ਮਹਾਰਾਜ ਜੀ ਨੇ ਬਚਨ ਕੀਤਾ ਕਿ ਸਿੱਖ ਅੱਠ ਪ੍ਰਕਾਰ ਦੀ ਕਾਮ ਵਾਸ਼ਨਾ ਤੋਂ ਬਚ ਕੇ ਰਹੇ। ਅੱਠ ਪ੍ਰਕਾਰ ਦੀ ਕਾਮ ਵਾਸ਼ਨਾ ਕਿਹੜੀ ਹੈ? ਪਹਿਲੀ ਵਾਸ਼ਨਾ ਹੈ, ਗੱਲਾਂ ਦਾ ਸੁਆਦ, ਪਰਾਏ ਸੰਗ ਨਾਲ ਗੱਲਾਂ ਕਰਨੀਆਂ। ਇਹ ਵਾਸ਼ਨਾ ਪ੍ਰਗਟ ਕਰਦੀ ਹੈ। ਦੂਜੀ ਵਾਸ਼ਨਾ ਹੈ, ਪਰਾਏ ਸੰਗ ਬਾਰੇ ਮਨ ਵਿੱਚ ਗਲਤ ਫੁਰਨੇ ਧਾਰਨ ਕਰਨਾ। ਤੀਜੀ ਵਾਸ਼ਨਾ ਹੈ, ਪਰਾਏ ਸੰਗ ਨਾਲ ਇਕਾਂਤ ਵਿੱਚ ਬੈਠਣਾ। ਚੌਥੀ ਵਾਸ਼ਨਾ ਹੈ, ਪਰਾਏ ਸੰਗ ਨੂੰ ਸਪਰਸ਼ ਕਰਨਾ। ਪੰਜਵੀਂ ਵਾਸ਼ਨਾ ਹੈ, ਪਰਾਏ ਸੰਗ ਨੂੰ ਵੇਖਣਾ। ਛੇਵੀਂ ਵਾਸ਼ਨਾ ਹੈ, ਪਰਾਏ ਸੰਗ ਨੂੰ ਛੂਹਣ ਦੀ ਵਾਸ਼ਨਾ। ਸੱਤਵੀਂ ਵਾਸ਼ਨਾ ਹੈ, ਭੋਗ ਵਿਲਾਸ ਕਰਨਾ ਤੇ ਅੱਠਵੀਂ ਵਾਸ਼ਨਾ ਹੈ, ਰੂਪ ਨੂੰ ਸੁਰਤੀ ਵਿੱਚ ਵਸਾਉਣਾ।

ਮਹਾਰਾਜ ਜੀ ਨੇ ਬਚਨ ਕੀਤਾ, ਮੇਰਾ ਸਿੱਖ ਇਹ ਅੱਠ ਪ੍ਰਕਾਰ ਦੀ ਕਾਮ ਵਾਸ਼ਨਾ ਤੋਂ ਬਚ ਕੇ ਰਹੇ। ਮਹਾਰਾਜ ਜੀ ਨੇ ਬੜੇ ਪਿਆਰ ਨਾਲ ਰਾਜੇ ਸ਼ਿਵਨਾਭ ਨੂੰ ਸਮਝਾਇਆ, ਜੇ ਚਾਹੁੰਦੇ ਹੋ ਕਿ ਅੰਦਰ ਦਾ ਕਲੇਸ਼ ਖਤਮ ਹੋ ਜਾਵੇ, ਅੰਦਰ ਦੀ ਕਲਪਨਾ ਖਤਮ ਹੋ ਜਾਵੇ ਤੇ ਇਸ ਦਾ ਇਲਾਜ ਇਹ ਹੈ ਕਿ ਮਨ ਨਿਰਮਲ ਹੋਵੇ ਤੇ ਮਨ ਨਿਰਮਲ ਕਰਨ ਵਾਸਤੇ ਸਾਧਕ ਇਹ ਚਾਰ ਸਾਧਨ ਜ਼ਰੂਰ ਅਪਨਾਵੇ।



# ਜੀਵਨ ਬਾਬਾ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲੇ

# ਆਪਿ ਮੁਕਤੁ ਮੁਕਤ ਕਰੈ ਸੰਸਾਰੁ ॥

*-ਭਾਈ ਅਮਰੀਕ ਸਿੰਘ ਗਨੈਸਕ*

*ਲੜੀ ਜੋੜਨ ਲਈ 138 ਅੰਕ ਦੇਖੋ ਜੀ :-*

*ਰੱਬ ਦਾ ਨਾਮ ਜਪਿਆ,*
*ਗੜੂੰਦ ਹੋ ਕੇ ਪ੍ਰੇਮ ਵਿੱਚ ਜਿਸ।*
*ਸਾਈਂ ਆਪ ਹਿਰਦੇ ਆਣ ਵਸਿਆ*
*ਐਸੀ ਨੇਹੁੰ ਦੀ ਪਾਈ ਖਿੱਚ ਜਿਸ।*
*ਸਫਲ ਉਸੇ ਦਾ ਆਉਣਾ ਜਗ ਉੱਤੇ*
*ਜੋ ਮੈਂ ਨੂੰ ਮਾਰ ਕੇ ਤੂੰ ਹੋਇਆ।*
*ਧੰਨ ਨਗਰ ਤੇ ਧੰਨ ਹੈ ਕੁੱਲ ਉਸਦੀ*
*ਜੀਹਨੇ ਹਿਰਦਿਆਂ ਦੇ ਵਿੱਚ ਹੈ ਬੀਜ ਬੋਇਆ।*

ਉਹ ਕੁੱਲ ਧੰਨ ਹੈ ਜਿਸ ਵਿੱਚ ਨਾਮ ਜਪਣ ਵਾਲਾ ਅਤੇ ਹੋਰਨਾਂ ਦੇ ਹਿਰਦਿਆਂ ਵਿੱਚ ਪ੍ਰਭੂ-ਪ੍ਰੇਮ ਦਾ ਬੀਜ-ਬੀਜਣ ਵਾਲਾ ਸਤਿਪੁਰਖ ਪ੍ਰਗਟ ਹੋਵੇ। ਉਹ ਪਿੰਡ, ਉਹ ਨਗਰ ਵੀ ਸਫਲਾ ਹੈ, ਜਿੱਥੇ ਕਿਸੇ ਮਹਾਂਪੁਰਖ ਨੇ ਜਨਮ ਲਿਆ।

ਸ੍ਰੀਮਾਨ ਬਾਬਾ ਈਸ਼ਰ ਸਿੰਘ ਜੀ ਦੇ ਪਿੰਡ ਆਲੋਵਾਲ ਦੇ ਵਸਨੀਕ ਮਹਾਂਪੁਰਖਾਂ ਦੀ ਸੋਅ ਸੁਣ ਕੇ ਬਹੁਤ ਪ੍ਰਸੰਨ ਹੁੰਦੇ। ਬਾਬਾ ਜੀ ਦੇ ਪਰਮ ਸਤਿਕਾਰਯੋਗ ਪਿਤਾ ਬਾਬਾ ਰਾਮ ਸਿੰਘ ਜੀ ਪਿਆਰ ਵਿੱਚ ਪਰਮੇਸ਼ਰ ਦਾ ਸ਼ੁਕਰਾਨਾ ਕਰਦੇ ਅਤੇ ਯਾਦਾਂ ਵਿੱਚੋਂ ਬਹੁਤ ਸਾਰੀਆਂ ਅਭੁੱਲ ਅਤੇ ਪਾਵਨ ਘੜੀਆਂ ਨੂੰ ਹਿਰਦੇ ਵਿੱਚ ਉਸੇ ਤਰ੍ਹਾਂ ਤਾਜ਼ਾ ਦੇਖ ਕੇ ਪ੍ਰਸੰਨ ਹੁੰਦੇ।

ਆਲੋਵਾਲ ਪਿੰਡ ਲਗਭਗ ਸੱਤ ਸੌ ਸਾਲ ਪਹਿਲਾਂ ਆਲਾ ਨਾਮ ਦੇ ਬਜ਼ੁਰਗ ਦੁਆਰਾ ਵਸਾਇਆ ਗਿਆ ਸੀ। ਇਹ ਬਾਬਾ ਆਲਾ ਅਤੇ ਪਟਿਆਲਾ ਵਸਾਉਣ ਵਾਲੇ ਬਾਬਾ ਆਲਾ ਸਿੰਘ ਵੱਖੋ-ਵੱਖਰੀ ਹਸਤੀ ਹੋਏ ਹਨ ਅਤੇ ਨਾ ਹੀ ਇਹ ਸਮਕਾਲੀ ਸਨ।

ਬਾਬਾ ਰਾਮ ਸਿੰਘ ਜੀ ਦੀ ਕੁਲ ਵਿੱਚ ਵਡੇਰੇ ਬਜ਼ੁਰਗਾਂ ਨੇ ਗੁਰੂ ਸਾਹਿਬਾਨ ਦੇ ਦਰਸ਼ਨ ਕੀਤੇ ਸਨ। ਜਿਸ ਵੇਲੇ ਨੌਂਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਆਲੋਵਾਲ ਦੇ ਨੇੜੇ ਸੀਬੜੇ ਪਿੰਡ ਵਿਖੇ ਆਏ ਸਨ ਤਾਂ ਭਾਈ ਰਾਜਰੂਪ ਜੀ ਆਪਣੇ ਬਜ਼ੁਰਗਾਂ ਨਾਲ ਹਜ਼ੂਰ ਦੇ ਦਰਸ਼ਨ ਕਰਨ ਪਹੁੰਚੇ ਅਤੇ ਚਰਨ-ਪਾਹੁਲ ਪ੍ਰਾਪਤ ਕਰਕੇ ਗੁਰਸਿੱਖੀ ਦੇ ਮੰਡਲ ਵਿੱਚ ਆਏ। ਇਹ ਕੁਲ ਪੀੜ੍ਹੀ-ਦਰ-ਪੀੜ੍ਹੀ ਗੁਰਸਿੱਖੀ ਕਮਾਉਂਦੀ ਰਹੀ। ਭਾਈ ਰਾਜਰੂਪ ਦੇ ਘਰ ਮਾਣਕ ਚੰਦ, ਉਨ੍ਹਾਂ ਘਰ ਪ੍ਰੇਮ ਚੰਦ ਅਤੇ ਅੱਗੋਂ ਉਨ੍ਹਾਂ ਘਰ ਕਰਮ ਚੰਦ ਦਾ ਜਨਮ ਹੋਇਆ। ਬਾਬਾ ਕਰਮ ਚੰਦ ਦੇ ਪੁੱਤਰ ਦਾ ਨਾਂ ਦਿਆਲ ਚੰਦ ਸੀ ਜੋ ਖੰਡੇ ਦੀ ਪਾਹੁਲ ਛੱਕ ਕੇ ਦਿਆਲ ਸਿੰਘ ਬਣ ਗਏ ਜਿਨ੍ਹਾਂ ਦੇ ਸਪੁੱਤਰ ਸਨ ਵੀਰ ਸਿੰਘ। ਇਨ੍ਹਾਂ ਨੂੰ ਨੰਬਰਦਾਰੀ ਅਤੇ ਚੌਦਾਂ ਪਿੰਡਾਂ ਦੀ ਚੌਧਰ ਵੀ ਪ੍ਰਾਪਤ ਸੀ। ਇਨ੍ਹਾਂ ਦੀ ਸੁਪਤਨੀ ਮਾਤਾ ਆਸ ਕੌਰ ਜੀ ਗੁਰਸਿੱਖ ਰਹਿਣੀ-ਬਹਿਣੀ ਵਾਲੇ ਅਤੇ ਸੰਤ ਸੇਵੀ ਸਨ। ਇਸ ਸੁਭਾਵ ਦੰਪਤੀ ਦਾ ਜੀਵਨ ਪਵਿੱਤਰ ਅਤੇ ਹੋਰਨਾਂ ਲਈ ਆਦਰਸ਼ ਸੀ। ਪਰਮੇਸ਼ਰ ਦੀ ਕਿਰਪਾ ਨਾਲ ਇਨ੍ਹਾਂ ਨੂੰ ਦੋ ਪੁੱਤਰ ਪ੍ਰਾਪਤ ਹੋਏ- ਰਾਮ ਸਿੰਘ ਅਤੇ ਗਰਜਾ

ਸਿੰਘ।

ਬਾਬਾ ਰਾਮ ਸਿੰਘ ਜੀ ਦਾ ਅਨੰਦ ਕਾਰਜ ਪਿੰਡ ਨਿਰਮਾਣਾ ਦੇ ਸ੍ਰ. ਪ੍ਰਤਾਪ ਸਿੰਘ ਅਤੇ ਮਾਤਾ ਮਹਿਤਾਬ ਕੌਰ ਦੀ ਸਪੁੱਤਰੀ ਰਤਨ ਕੌਰ ਨਾਲ ਹੋਇਆ। ਇਹ ਸੁਭਾਗ ਦੰਪਤੀ ਵੀ ਆਪਣੇ ਬਜ਼ੁਰਗਾਂ ਦੇ ਨਕਸ਼ੇ ਕਦਮ ਤੇ ਚੱਲਣ ਵਾਲੀ ਸੀ। ਇਸ ਕੁੱਲ ਨੂੰ ਸੇਵਾ-ਸਿਮਰਨ ਦਾ ਇਹ ਫਲ ਪ੍ਰਾਪਤ ਹੋਇਆ ਕਿ ਬਾਬਾ ਰਾਮ ਸਿੰਘ ਅਤੇ ਮਾਤਾ ਰਤਨ ਕੌਰ ਦੇ ਘਰ ਤੱਤ ਬੇਤੇ ਮਹਾਂਪੁਰਖ ਸ੍ਰੀਮਾਨ ਬਾਬਾ ਈਸ਼ਰ ਸਿੰਘ ਜੀ ਦਾ ਆਗਮਨ ਹੋਇਆ।

ਬਾਬਾ ਰਾਮ ਸਿੰਘ ਜੀ ਅੱਜ ਬੀਤੇ ਸਮੇਂ ਦੀਆਂ ਗੱਲਾਂ ਯਾਦ ਕਰ ਰਹੇ ਸਨ। ਉਨ੍ਹਾਂ ਨੂੰ ਪਹਿਲਾਂ ਆਪਣੀ ਸਤਿਕਾਰਯੋਗ ਸੱਸ ਮਾਤਾ ਮਹਿਤਾਬ ਕੌਰ ਦੀ ਦੱਸੀ ਗੱਲ ਯਾਦ ਆਈ। ਮਾਤਾ ਮਹਿਤਾਬ ਕੌਰ ਨੇ ਆਪਣੀ ਪੁੱਤਰੀ ਪ੍ਰਥਾਏ ਦੱਸਿਆ ਸੀ ਕਿ ਕਿਸੇ ਮਹਾਤਮਾ ਨੇ ਬਚਨ ਕੀਤਾ ਸੀ, 'ਮਾਤਾ ਇਹ ਬੱਚੀ ਬੜੇ ਭਾਗਾਂ ਵਾਲੀ ਹੈ। ਇਹ ਕਾਰਕ ਮਹਾਂਪੁਰਖਾਂ ਦੀ ਮਾਤਾ ਬਣੇਗੀ ਜੋ ਕੁਲਾਂ ਤਾਰ ਦੇਵੇਗਾ।'

ਇਸ ਤੋਂ ਬਾਅਦ ਬਾਬਾ ਰਾਮ ਸਿੰਘ ਜੀ ਨੂੰ ਆਪਣੇ ਸੁਪਨੇ ਵਾਲੀ ਗੱਲ ਯਾਦ ਆਈ। ਇੱਕ ਮਹਾਤਮਾ ਨੇ ਸੁਪਨੇ ਵਿੱਚ ਦਰਸ਼ਨ ਦੇ ਕੇ ਬਚਨ ਕੀਤਾ ਸੀ, 'ਰਾਮ ਸਿੰਘ ਤੇਰੇ ਘਰ ਪਾਰਸ ਅਤੇ ਗੁਲਾਬ ਦੇ ਗੁਣ ਲੈ ਕੇ ਇੱਕ ਮਹਾਤਮਾ ਆ ਰਿਹਾ ਹੈ ਜੋ ਸਾਰੇ ਸੰਸਾਰ ਵਿੱਚ ਸੁਗੰਧੀ ਫੈਲਾਏਗਾ। ਇਸ ਸੁਗੰਧੀ ਨੂੰ ਘਰ ਵਿੱਚ ਬੰਦ ਨਾ ਰੱਖਣਾ, ਸੰਸਾਰ ਵਿੱਚ ਫੈਲਣ ਦੇਣਾ।'

ਬਾਬਾ ਰਾਮ ਸਿੰਘ ਜੀ ਨੂੰ ਬਧੌਸੀ ਵਾਲੇ ਬਾਬਾ ਬੀਰਮ ਦਾਸ ਜੀ ਦਾ ਬਚਨ ਵੀ ਯਾਦ ਆ ਗਿਆ ਕਿ ਇਹ ਮਹਾਨ ਤੇਜ ਪ੍ਰਤਾਪੀ ਮਹਾਤਮਾ ਹੋਵੇਗਾ।

ਬਾਬਾ ਰਾਮ ਸਿੰਘ ਜੀ ਨੇ ਨੰਬਰਦਾਰੀ ਅਤੇ ਸਾਰਾ ਕਾਰ ਵਿਹਾਰ ਛੋਟੇ ਭਰਾ ਗਰਜਾ ਸਿੰਘ ਅਤੇ ਪੁੱਤਰਾਂ ਅਤੇ ਭਤੀਜਿਆਂ ਨੂੰ ਸੰਭਾਲ ਦਿੱਤਾ ਸੀ ਅਤੇ ਬਹੁਤਾ ਸਮਾਂ ਭਜਨ ਸਿਮਰਨ ਵਿੱਚ ਗੁਜ਼ਾਰਦੇ। ਹੋਰ ਕੋਈ ਖਾਹਿਸ਼ ਨਹੀਂ ਸੀ ਮਨ ਅੰਦਰ ਇੱਕ ਹੀ ਭਾਵਨਾ ਸੀ ਕਿ ਆਪਣੇ ਸੰਤ ਪੁੱਤਰ ਨੂੰ ਬੇਨਤੀ ਕਰ ਕੇ ਪਿੰਡ ਚਰਨ ਪਵਾਏ ਜਾਣ। ਪਿੰਡੋਂ ਗਿਆ ਵੀਹ-ਬਾਈ ਸਾਲ ਹੋ ਚੁੱਕੇ ਸਨ। ਪਹਿਲਾਂ ਵੀ ਪੜ੍ਹਾਈ ਵਾਸਤੇ ਪਟਿਆਲੇ ਚਲੇ ਗਏ ਸਨ, ਛੁੱਟੀਆਂ ਵਿੱਚ ਆਉਂਦੇ। ਰੂਹਾਨੀ ਪੜ੍ਹਾਈ ਲਈ ਗਏ ਤਾਂ ਦੁਬਾਰਾ ਪਿੰਡ ਆਉਣ ਦਾ ਸਬੱਬ ਨਹੀਂ ਬਣਿਆ, ਉਂਝ ਵੀ ਬ੍ਰਹਮ ਗਿਆਨੀ ਦਾ ਵਾਸਾ ਨਿਰੰਕਾਰ ਦੇ ਦੇਸ਼ ਵਿੱਚ ਹੁੰਦਾ ਹੈ। ਇੱਕ ਪਿੰਡ ਜਾਂ ਇੱਕ ਸ਼ਹਿਰ ਨਹੀਂ, ਸਾਰਾ ਜਗ ਹੀ ਉਸਦਾ ਹੈ। ਉਸਨੇ ਸਾਰੇ ਸੰਸਾਰ ਵਿੱਚ ਹੀ ਸੁਗੰਧ ਵੰਡਣੀ ਹੁੰਦੀ ਹੈ। ਬਾਬਾ ਰਾਮ ਸਿੰਘ ਜੀ ਨੇ ਇਸ ਸੁਗੰਧੀ ਨੂੰ ਘਰ ਵਿੱਚ ਬੰਦ ਨਹੀਂ ਰੱਖਿਆ ਸੀ, ਸੰਸਾਰ ਵਿੱਚ ਫੈਲਣ ਦਿੱਤਾ ਸੀ ਪਰ ਪਿੰਡ ਆਲੋਵਾਲ ਵੀ ਤਾਂ ਇਸ ਸੰਸਾਰ ਦਾ ਹੀ ਹਿੱਸਾ ਸੀ। ਇੱਥੇ ਵੀ ਤਾਂ ਸੁਗੰਧੀ ਦੀ ਲੋੜ ਸੀ।

ਬਾਬਾ ਰਾਮ ਸਿੰਘ ਜੀ ਨੇ ਆਪਣੇ ਪੁੱਤਰਾਂ ਮਿੱਤ ਸਿੰਘ, ਦੀਵਾਨ ਸਿੰਘ, ਸ਼ਮਸ਼ੇਰ ਸਿੰਘ ਅਤੇ ਕਾਕਾ ਸਿੰਘ, ਭਰਾ ਗੱਜਣ ਸਿੰਘ ਅਤੇ ਭਤੀਜਿਆਂ ਕਰਤਾਰ ਸਿੰਘ, ਸਰਵਣ ਸਿੰਘ ਨਾਲ ਵਿਚਾਰ ਕੀਤੀ ਕਿ ਮਹਾਂਪੁਰਖਾਂ ਨੂੰ ਬੇਨਤੀ ਕਰ ਕੇ ਪਿੰਡ ਵਿੱਚ ਬੁਲਾਇਆ ਜਾਵੇ। ਸਾਰਿਆਂ ਨੇ ਤਤਕਾਲ ਬੜੀ ਪ੍ਰਸੰਨਤਾ ਨਾਲ ਹਾਮੀ ਭਰੀ। ਇਸ ਗੱਲ ਦਾ ਪਿਆਰ ਵਾਲਿਆਂ ਨੂੰ ਪਤਾ ਲੱਗਾ ਤਾਂ ਉਹ ਵੀ ਖੁਸ਼ੀ ਨਾਲ ਖਿੜ ਗਏ।

ਸਾਰੀ ਵਿਚਾਰ ਕਰਕੇ ਸ੍ਰ. ਦੀਵਾਨ ਸਿੰਘ, ਸ੍ਰ. ਸ਼ਮਸ਼ੇਰ ਸਿੰਘ, ਸ੍ਰ. ਕਾਕਾ ਸਿੰਘ, ਸ੍ਰ. ਕਰਤਾਰ ਸਿੰਘ, ਸਰਵਣ ਸਿੰਘ ਅਤੇ ਕੁਝ ਹੋਰ ਪ੍ਰੇਮੀ ਗੁਰਦੁਆਰਾ ਕਰਮਸਰ ਰਾੜਾ ਸਾਹਿਬ ਆਣ ਪੁੱਜੇ।

*—ਬਾਕੀ ਹਿੱਸਾ ਪੰਨਾ 29 'ਤੇ ਪੜ੍ਹੋ ਜੀ*

ਭਾਈ ਸਾਹਿਬ
ਭਾਈ ਗੁਰਇਕਬਾਲ ਸਿੰਘ ਜੀ
ਦੁਆਰਾ ਦਿੱਤੇ ਗਏ
ਪ੍ਰੋਗਰਾਮ ਦਾ ਉਤਾਰਾ
(ਵੀ.ਸੀ.ਡੀ. 468)

## ਸਿੱਖਾਂ ਦੇ ਸਵਾਲ, ਸਤਿਗੁਰਾਂ ਦੇ ਜਵਾਬ

# ਸਿੱਖ ਨੇ ਕੰਮ ਕਰਦੇ ਹਿਰਦੇ ਵਿੱਚ ਕਰਤਾਰ ਦੀ ਸੰਭਾਲ ਕਿਵੇਂ ਕਰਨੀ ਹੈ?

—ਜਸਵਿੰਦਰ ਸਿੰਘ (ਪਟਿਆਲਾ)

***ਧੰਨ ਹਨ ਧੰਨ ਹਨ ਗੁਰੂ ਅੰਗਦ ਦੇਵ ਜੀ ਧੰਨ ਹਨ।***

ਧੰਨ ਗੁਰੂ ਅੰਗਦ ਦੇਵ ਜੀ ਮਹਾਰਾਜ ਜਿਨ੍ਹਾਂ ਨੇ ਧੰਨ ਗੁਰੂ ਨਾਨਕ ਮਹਾਰਾਜ ਜੀ ਨੂੰ ਨਿਰੰਕਾਰ ਸਰੂਪ ਜਾਣਿਆ, ਆਓ! ਉਨ੍ਹਾਂ ਨੂੰ ਧੰਨ ਕਹਿ ਕੇ ਅਸੀਂ ਆਪਣੇ ਪਾਪ ਧੋ ਲਈਏ।

***ਗੁਰ ਪੂਰੇ ਕੀ ਵਡਿਆਈ॥***
***ਤਾ ਕੀ ਕੀਮਤਿ ਕਹੀ ਨ ਜਾਈ॥੧॥***
*(ਅੰਗ ੬੨੯)*

ਜਿਹੜੀ ਪ੍ਰੇਮ ਦੀ ਐਨਕ ਨਾਲ ਮਾਤਾ ਤ੍ਰਿਪਤਾ ਜੀ ਨੇ ਧੰਨ ਗੁਰੂ ਨਾਨਕ ਮਹਾਰਾਜ ਜੀ ਨੂੰ ਦੇਖਿਆ, ਉਹ ਐਨਕ ਵੀ ਧੰਨ ਹੈ। ਜਿਹੜੀ ਪ੍ਰੇਮ ਦੀ ਐਨਕ ਨਾਲ ਪਿਤਾ ਮਹਿਤਾ ਕਾਲੂ ਜੀ ਨੇ ਦੇਖਿਆ, ਉਹ ਐਨਕ ਵੀ ਧੰਨ ਹੈ। ਜਿਹੜੀ ਪ੍ਰੀਤ ਦੀ ਐਨਕ ਨਾਲ ਰਾਏ ਬੁਲਾਰ ਜੀ ਨੇ ਦੇਖਿਆ, ਉਹ ਵੀ ਧੰਨ ਹੈ। ਜਿਹੜੀ ਪ੍ਰੇਮ ਦੀ ਐਨਕ ਨਾਲ ਧੰਨ ਗੁਰੂ ਨਾਨਕ ਮਹਾਰਾਜ ਜੀ ਨੂੰ ਬੇਬੇ ਨਾਨਕੀ ਜੀ ਨੇ ਦੇਖਿਆ, ਉਹ ਐਨਕ ਵੀ ਧੰਨ ਹੈ। ਪਰ ਬਾਬਾ ਨੰਦ ਸਿੰਘ ਜੀ ਬਚਨ ਕਰਦੇ ਸੀ, ਜਿਹੜੀ ਐਨਕ ਨਾਲ ਭਾਈ ਲਹਿਣਾ ਜੀ (ਧੰਨ ਗੁਰੂ ਅੰਗਦ ਦੇਵ ਜੀ ਮਹਾਰਾਜ) ਨੇ ਧੰਨ ਗੁਰੂ ਨਾਨਕ ਮਹਾਰਾਜ ਜੀ ਨੂੰ ਦੇਖਿਆ, ਉਹ ਐਨਕ ਸਭ ਤੋਂ ਉੱਚੀ ਹੈ। ਉਹ ਐਨਕ ਸਭ ਤੋਂ ਮਹਾਨ ਹੈ ਜਿਸ ਨੇ ਪਛਾਣ ਲਿਆ, ਹੇ ਗੁਰੂ ਨਾਨਕ ਮਹਾਰਾਜ ਜੀ! ਆਪ ਜੀ ਹੀ ਨਿਰੰਕਾਰ ਸਰੂਪ ਹੋ। ਅਰਦਾਸ ਕਰਨੀ ਹੈ, ਸਾਡੇ ਨੇਤਰਾਂ ਨੂੰ ਵੀ ਉਹ ਐਨਕ ਮਿਲ ਜਾਵੇ। ਉਹ ਕਿਹੜੀ ਐਨਕ ਸੀ?

***ਕਿਸ ਹੀ ਕੋਈ ਕੋਇ ਮੰਞੁ ਨਿਮਾਣੀ ਇਕੁ ਤੂ॥***
*(ਅੰਗ ੭੯੧)*

***ਤੁਝ ਬਿਨੁ ਕਵਨੁ ਹਮਾਰਾ॥***
***ਮੇਰੇ ਪ੍ਰੀਤਮ ਪ੍ਰਾਨ ਅਧਾਰਾ॥੧॥ ਰਹਾਉ॥***
*(ਅੰਗ ੨੦੬)*

ਉਹ ਕਿਹੜੀ ਐਨਕ ਸੀ?

***ਕਿਸ ਹੀ ਧੜਾ ਕੀਆ ਮਿਤ੍ਰ ਸੁਤ ਨਾਲਿ ਭਾਈ॥***
***ਕਿਸ ਹੀ ਧੜਾ ਕੀਆ ਕੁੜਮ ਸਕੇ ਨਾਲਿ ਜਵਾਈ॥***
***ਕਿਸ ਹੀ ਧੜਾ ਕੀਆ ਸਿਕਦਾਰ***
***ਚਉਧਰੀ ਨਾਲਿ ਆਪਣੈ ਸੁਆਈ॥***
***ਹਮਾਰਾ ਧੜਾ ਹਰਿ ਰਹਿਆ ਸਮਾਈ॥੧॥***
*(ਅੰਗ ੩੬੬)*

***ਪਉੜੀ॥***
***ਸੋ ਸਤਿਗੁਰੁ ਧਨੁ ਧੰਨੁ ਜਿਨਿ ਭਰਮ ਗੜੁ ਤੋੜਿਆ॥***
***ਸੋ ਸਤਿਗੁਰੁ ਵਾਹੁ ਵਾਹੁ ਜਿਨਿ ਹਰਿ ਸਿਉ ਜੋੜਿਆ॥***
***ਨਾਮੁ ਨਿਧਾਨੁ ਅਖੁਟੁ ਗੁਰੁ ਦੇਇ ਦਾਰੂਓ॥***
***ਮਹਾ ਰੋਗੁ ਬਿਕਰਾਲ ਤਿਨੈ ਬਿਦਾਰੂਓ॥***
***ਪਾਇਆ ਨਾਮੁ ਨਿਧਾਨੁ ਬਹੁਤੁ ਖਜਾਨਿਆ॥***

*ਜਿਤਾ ਜਨਮੁ ਅਪਾਰੁ ਆਪੁ ਪਛਾਨਿਆ ॥*
*ਮਹਿਮਾ ਕਹੀ ਨ ਜਾਇ ਗੁਰ ਸਮਰਥ ਦੇਵ ॥*
*ਗੁਰ ਪਾਰਬ੍ਰਹਮ ਪਰਮੇਸੁਰ ਅਪਰੰਪਰ ਅਲਖ ਅਭੇਵ ॥੧੯॥*
*(ਅੰਗ ੫੨੨)*

ਧੰਨ ਗੁਰੂ ਅੰਗਦ ਦੇਵ ਜੀ ਮਹਾਰਾਜ ਦੀ ਬਹੁਤ ਵੱਡੀ ਦੇਣ, ਸਭ ਤੋਂ ਪਿਆਰੀ ਦੇਣ ਹੈ, ਉਹ ਹੈ ਧੰਨ ਗੁਰੂ ਨਾਨਕ ਮਹਾਰਾਜ ਜੀ ਨੂੰ ਪਹਿਚਾਨਣ ਦੀ। ਭਾਈ ਬਾਲਾ ਜੀ ਨੇ ਬੇਨਤੀ ਕੀਤੀ ਧੰਨ ਗੁਰੂ ਅੰਗਦ ਦੇਵ ਜੀ ਮਹਾਰਾਜ ਨੂੰ ਕਿ ਇੱਕ ਮਨ ਦਾ ਸਵਾਲ ਹੈ ਹਉਮੈਂ ਵੱਸ ਨਹੀਂ। ਦਾਸ ਕੇਵਲ ਜੋ ਬਚਨ ਸਾਂਝਾ ਕਰ ਰਿਹਾ ਹੈ ਉਹ ਗਿਆਨ ਨੂੰ ਮੁੱਖ ਰੱਖ ਕੇ ਸਾਂਝਾ ਕਰਨਾ ਚਾਹੁੰਦਾ ਹਾਂ। ਸਵਾਲ ਕੀਤਾ ਭਾਈ ਬਾਲਾ ਜੀ ਨੇ ਕਿ ਆਏ ਤਾਂ ਆਪ ਜੀ ਮੇਰੇ (ਗਰੀਬ) ਤੋਂ ਬਾਅਦ ਵਿੱਚ ਹੋ ਧੰਨ ਗੁਰੂ ਨਾਨਕ ਮਹਾਰਾਜ ਜੀ ਦੇ ਚਰਨਾਂ ਵਿੱਚ ਤੇ ਗੁਰਗੱਦੀ ਦੀ ਬਖਸ਼ਿਸ਼ ਤੁਹਾਨੂੰ ਪ੍ਰਾਪਤ ਹੋਵੇ। ਮੈਂ ਤੁਹਾਡੇ ਤੋਂ ਵੀ ਪਹਿਲਾਂ ਆਇਆ ਹਾਂ। ਲੇਕਿਨ ਚਾਬੀਆਂ ਤੁਹਾਨੂੰ ਦੇ ਦਿੱਤੀਆਂ ਹਨ। ਤੁਹਾਡੇ ਕੋਲ ਐਸਾ ਕੀ ਹੈ? ਧੰਨ ਗੁਰੂ ਅੰਗਦ ਦੇਵ ਜੀ ਕਹਿਣ ਲੱਗੇ, ਬਾਲਾ ਜੀ, ਤੁਸੀਂ ਧੰਨ ਗੁਰੂ ਨਾਨਕ ਮਹਾਰਾਜ ਨੂੰ ਕਿਹੜੀ ਨਜ਼ਰ ਨਾਲ ਵੇਖਿਆ ਹੈ। ਜੀ, ਇੱਕ ਬ੍ਰਹਮ ਗਿਆਨੀ। ਮਹਾਤਮਾ। ਧੰਨ ਗੁਰੂ ਅੰਗਦ ਦੇਵ ਜੀ ਕਹਿੰਦੇ, ਗੁਰੂ ਸ਼ੀਸ਼ਾ ਹੈ। ਫਿਰ ਦੂਜਾ ਬਚਨ, ਗੁਰੂ ਧਰਤੀ ਹੈ। ਸ਼ੀਸ਼ੇ ਵਿੱਚ ਜਿਹੋ ਜਿਹਾ ਮੂੰਹ ਵੇਖੋ, ਉਹੋ ਜਿਹਾ ਹੀ ਨਜ਼ਰ ਆਉਂਦਾ ਹੈ। ਰੋਣ ਵਾਲੀ ਸ਼ਕਲ ਬਣਾਓ, ਸ਼ੀਸ਼ੇ ਨੇ ਉਹੋ ਹੀ ਦਿਖਾਉਣੀ ਹੁੰਦੀ ਹੈ। ਹੱਸੋ ਤੇ ਉਹੋ ਸ਼ਕਲ ਦਿਖੇਗੀ। ਗੁਰੂ ਸ਼ੀਸ਼ਾ ਹੈ। ਗੁਰੂ ਧਰਤੀ ਹੈ। ਧਰਤੀ ਵਿੱਚ ਜੋ ਬੀਜੋ, ਉਸ ਨੇ ਉਹੀ ਉਗਾਉਣਾ ਹੈ। ਬਾਲਾ ਜੀ, ਤੁਸੀਂ ਜਿਸ ਨਜ਼ਰ ਨਾਲ ਗੁਰੂ ਨੂੰ ਦੇਖਿਆ ਹੈ, ਉਸ ਨੇ ਤੁਹਾਨੂੰ ਉਹੀ ਬਣਾ ਦਿੱਤਾ। ਤੁਸੀਂ ਇੱਕ ਬ੍ਰਹਮ ਗਿਆਨੀ ਦੀ ਨਜ਼ਰ ਨਾਲ, ਭਗਤ ਦੀ ਨਜ਼ਰ ਨਾਲ, ਮਹਾਤਮਾ ਦੀ ਨਜ਼ਰ ਨਾਲ ਵੇਖਿਆ। ਤੁਹਾਨੂੰ ਬ੍ਰਹਮ ਗਿਆਨੀ ਬਣਾ ਦਿੱਤਾ। ਕਿਰਪਾ ਉਸ ਦੀ ਹੋਈ ਹੈ। ਧੰਨ ਗੁਰੂ ਅੰਗਦ ਦੇਵ ਜੀ ਕਹਿੰਦੇ, ਤੁਸੀਂ ਧੰਨ ਗੁਰੂ ਨਾਨਕ ਮਹਾਰਾਜ ਜੀ ਨੂੰ ਵੇਖਿਆ, ਬ੍ਰਹਮ ਗਿਆਨੀ ਦੀ ਨਜ਼ਰ ਨਾਲ, ਮਹਾਤਮਾ ਦੀ ਨਜ਼ਰ ਨਾਲ ਤੇ ਅਸੀਂ ਦੇਖਿਆ ਹੈ, ਧੰਨ ਗੁਰੂ ਨਾਨਕ ਮਹਾਰਾਜ ਜੀ ਜਿਸ ਤੇ ਨਦਰਿ ਕਰ ਦੇਣ, ਉਸ ਨੂੰ ਬ੍ਰਹਮ ਗਿਆਨੀ ਬਣਾ ਸਕਦੇ ਹਨ। ਧੰਨ ਗੁਰੂ ਨਾਨਕ ਮਹਾਰਾਜ ਜੀ ਦੀ ਜਿਸ ਤੇ ਨਦਰਿ ਕਰ ਦੇਣ, ਉਸ ਨੂੰ ਸੰਤ ਬਣਾ ਸਕਦੇ ਹਨ। ਇਹ ਵੱਡੀ ਦੇਣ ਹੈ, ਧੰਨ ਗੁਰੂ ਅੰਗਦ ਦੇਵ ਜੀ ਦੀ, ਧੰਨ ਗੁਰੂ ਨਾਨਕ ਮਹਾਰਾਜ ਜੀ ਨੂੰ ਪਛਾਨਣ ਦੀ ਅੱਖ। ਧੰਨ ਗੁਰੂ ਨਾਨਕ ਮਹਾਰਾਜ ਜੀ ਜਿਸ ਵੱਲ ਨਦਰਿ ਕਰ ਦੇਣ, ਉਸ ਨੂੰ ਸੰਤ ਬਣਾ ਸਕਦੇ ਹਨ, ਮਹਾਤਮਾ ਬਣਾ ਸਕਦੇ ਹਨ, ਭਗਤ ਬਣਾ ਸਕਦੇ ਹਨ, ਬ੍ਰਹਮ ਗਿਆਨੀ ਬਣਾ ਸਕਦੇ ਹਨ। ਤੁਸੀਂ ਵੇਖਿਆ ਬ੍ਰਹਮ ਗਿਆਨੀ ਦੀ ਨਜ਼ਰ ਨਾਲ, ਅਸੀਂ ਵੇਖਿਆ ਹੈ, ਪਾਰਬ੍ਰਹਮ ਪਰਮੇਸ਼ਰ ਦੀ ਨਜ਼ਰ ਨਾਲ।

ਵੇਖੋ! ਇਹ ਵੱਡੀ ਦੇਣ ਹੈ, ਉਨ੍ਹਾਂ ਦੀ। ਅੱਧੀ ਰਾਤ ਵੀ ਧੰਨ ਗੁਰੂ ਨਾਨਕ ਮਹਾਰਾਜ ਜੀ ਕਹਿੰਦੇ, ਧੰਨ ਗੁਰੂ ਅੰਗਦ ਦੇਵ ਜੀ ਨੂੰ ਭਾਈ ਲਹਿਣਾ ਜੀ ਜਾਓ, ਕੱਪੜੇ ਧੋ ਕੇ ਸੁਕਾ ਕੇ ਲਿਆਓ ਤੇ ਅੱਗੋਂ ਇਹ ਨਹੀਂ ਆਖਿਆ ਅਜਿਹਾ ਨਹੀਂ ਹੋ ਸਕਦਾ। ਅੱਧੀ ਰਾਤ ਨੂੰ ਕਿਹੜਾ ਸੂਰਜ ਚੜ੍ਹਿਆ ਹੈ ਪਰ ਜੇ ਧੰਨ ਗੁਰੂ ਨਾਨਕ ਮਹਾਰਾਜ ਜੀ ਚਾਹਣ ਤੇ ਰਾਤ ਨੂੰ ਵੀ ਸੂਰਜ ਚੜ੍ਹਾ ਸਕਦੇ ਹਨ।

ਗੁਰੂ ਨਾਨਕ ਮਹਾਰਾਜ ਜੀ ਨੇ ਪੁੱਛਿਆ, ਕਿੰਨੀ ਰਾਤ ਬੀਤੀ ਹੈ ਤੇ ਕਿੰਨੀ ਰਾਤ ਰਹਿੰਦੀ ਹੈ? ਇੱਕ ਨੂੰ ਪੁੱਛਿਆ, ਦੋ ਪਹਿਰ ਬੀਤੀ, ਦੋ ਪਹਿਰ ਰਹਿੰਦੀ ਹੈ। ਦੂਜੇ ਨੂੰ ਪੁੱਛਿਆ ਤੇ ਡੇਢ ਪਹਿਰ ਬੀਤੀ, ਡੇਢ ਪਹਿਰ ਰਹਿੰਦੀ। ਉਦੋਂ ਘੜੀਆਂ ਨਹੀਂ

ਸਨ ਹੁੰਦੀਆਂ। ਫਿਰ ਗੁਰੂ ਨਾਨਕ ਮਹਾਰਾਜ ਜੀ ਨੇ ਭਾਈ ਲਹਿਣਾ ਜੀ ਨੂੰ ਪੁੱਛਿਆ ਕਿੰਨੀ ਰਾਤ ਬੀਤੀ ਤੇ ਕਿੰਨੀ ਰਹਿੰਦੀ? ਤੇ ਅੱਗੋਂ ਭਾਈ ਲਹਿਣਾ ਜੀ ਕੀ ਉੱਤਰ ਦਿੰਦੇ ਹਨ? ਆਖਿਆ, ਮਹਾਰਾਜ ਜੀ ਜਿੰਨੀ ਰਾਤ ਤੁਸੀਂ ਬਿਤਾਈ, ਉਨੀ ਬੀਤੀ ਹੈ। ਜਿੰਨੀ ਰਾਤ ਤੁਸੀਂ ਰੱਖੀ ਹੈ, ਉਨੀ ਰਹਿੰਦੀ ਹੈ। ਇਹ ਬੜੀ ਵੱਡੀ ਗੱਲ ਹੈ। ਰਾਤ ਵੀ ਤੇਰੇ ਹੁਕਮ ਵਿੱਚ, ਦਿਨ ਵੀ ਤੇਰੇ ਹੁਕਮ ਵਿੱਚ। ਤੂੰ ਚਾਹਵੇਂ ਲੰਬੀ ਕਰ ਦੇਵੇਂ, ਤੂੰ ਚਾਹਵੇਂ ਛੋਟੀ ਕਰ ਦੇਵੇਂ।

***ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ ॥***

*(ਅੰਗ ੮)*

ਇਹ ਬੜੀ ਵੱਡੀ ਗੱਲ ਹੈ, ਧੰਨ ਗੁਰੂ ਨਾਨਕ ਮਹਾਰਾਜ ਜੀ ਨੂੰ ਪਛਾਨਣ ਵਾਲੀ।

***ਸੋ ਸਤਿਗੁਰੁ ਧਨੁ ਧੰਨੁ ਜਿਨਿ ਭਰਮ ਗੜੁ ਤੋੜਿਆ ॥***
***ਸੋ ਸਤਿਗੁਰੁ ਵਾਹੁ ਵਾਹੁ ਜਿਨਿ ਹਰਿ ਸਿਉ ਜੋੜਿਆ ॥***

*(ਅੰਗ ੫੨੨)*

ਕੁਝ ਗੁਰਸਿੱਖਾਂ ਦਾ ਜ਼ਿਕਰ, ਦਾਸ ਦਾ ਮਨ ਹੈ, ਬਾਬਾ ਜੀ ਸਾਂਝਾ ਕਰਵਾਉਣ। ਉਸ ਵਿੱਚੋਂ ਬਹੁਤ ਕੁਝ ਮਿਲਦਾ ਹੈ। ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿੱਚ ਜ਼ਿਕਰ ਹੈ, ਨਾਂ ਆਇਆ ਹੈ, ਭਾਈ ਜੱਗਾ। ਧੰਨ ਗੁਰੂ ਅੰਗਦ ਦੇਵ ਜੀ ਮਹਾਰਾਜ ਦੀ ਚਰਨ ਸ਼ਰਨ ਵਿੱਚ ਆਏ, ਭਾਈ ਜੱਗਾ ਜੀ। ਮਹਾਰਾਜ ਜੀ, ਬੇਨਤੀ ਕਰਨੀ ਹੈ। ਧੰਨ ਗੁਰੂ ਅੰਗਦ ਦੇਵ ਜੀ ਮਹਾਰਾਜ, ਭਿੱਜੀ ਹੋਈ ਆਤਮਾ, ਰਸੀ ਹੋਈ ਆਤਮਾ, ਬ੍ਰਹਮ ਲੀਨ ਆਤਮਾ। ਆਪਣੀ ਰਸਨਾ ਤੋਂ ਕਹਿੰਦੇ, ਦੱਸੋ, ਭਾਈ ਜੱਗਾ ਜੀ। ਕੀ ਬੇਨਤੀ ਕਰਨੀ ਹੈ? ਕਹਿਣ ਲੱਗਾ, ਜਗਤ ਦੇ ਦੁਖਾਂ ਨੂੰ ਵੇਖ ਕੇ ਸ਼ਰਨ ਆਇਆ ਹਾਂ। ਸ਼ਾਂਤੀ ਬਖਸ਼ੋ। ਮਾਰਗ ਬਖਸ਼ੋ। ਧੰਨ ਗੁਰੂ ਅੰਗਦ ਦੇਵ ਜੀ ਮਹਾਰਾਜ ਕਹਿੰਦੇ, ਸਿੱਧਾ ਹੀ ਆਇਆ ਹੈਂ ਕਿ ਕਿਧਰੇ ਹੋ ਕੇ ਆਇਆ ਹੈਂ? ਇਹ ਇਤਿਹਾਸਿਕ ਬਚਨ ਭਾਈ ਵੀਰ ਸਿੰਘ ਜੀ ਨੇ ਲਿਖਿਆ ਹੈ। ਭਾਈ ਜੱਗਾ ਜੀ ਨੇ ਕਿਹਾ, ਕੁਝ ਸਮਾਂ ਪਹਿਲਾਂ ਇੱਕ ਜੋਗੀ ਕੋਲ ਗਿਆ ਸੀ। ਉਸ ਜੋਗੀ ਨੂੰ ਕਿਹਾ, ਸੰਸਾਰ ਦੇ ਦੁਖਾਂ ਨੂੰ ਵੇਖ ਕੇ ਮਨ ਡੋਲਦਾ ਹੈ। ਕਿਵੇਂ ਕਰਾਂ? ਧੰਨ ਗੁਰੂ ਅੰਗਦ ਦੇਵ ਜੀ ਮਹਾਰਾਜ ਕਹਿੰਦੇ, ਫਿਰ ਉਸ ਜੋਗੀ ਨੇ ਕੀ ਆਖਿਆ? ਕਹਿਣ ਲੱਗਾ, ਉਸ ਜੋਗੀ ਨੇ ਆਖਿਆ ਹੈ, ਪਹਿਲਾਂ ਘਰ-ਬਾਰ ਛੱਡ ਦੇ, ਫਿਰ ਮੇਰੇ ਕੋਲ ਆ। ਫਿਰ ਸ਼ਾਂਤੀ ਦਿਆਂਗਾ। ਇਹ ਭਾਈ ਜੱਗਾ ਜੀ ਸੁਣਾ ਰਹੇ ਹਨ।

ਭਾਈ ਜੱਗਾ ਜੀ ਬੇਨਤੀ ਕਰ ਰਹੇ ਹਨ, ਧੰਨ ਗੁਰੂ ਅੰਗਦ ਦੇਵ ਜੀ ਮਹਾਰਾਜ ਨੂੰ। ਭਾਈ ਜੱਗਾ ਜੀ ਨੇ ਉਸ ਜੋਗੀ ਨੂੰ ਕਿਹਾ, ਜੇ ਮੈਂ ਘਰ-ਬਾਰ ਛੱਡ ਕੇ ਆਵਾਂ ਤਾਂ ਦੱਸੋਗੇ, ਸ਼ਾਂਤੀ ਕਿਵੇਂ ਮਿਲਣੀ ਹੈ? ਮੇਰੇ ਘਰ-ਬਾਰ ਛੱਡ ਕੇ ਆਉਣ ਤੋਂ ਬਾਅਦ, ਕੋਈ ਹੋਰ ਸ਼ਰਤ ਤਾਂ ਨਹੀਂ ਰੱਖੋਗੇ? ਤੇ ਉਸ ਜੋਗੀ ਨੇ ਮੈਨੂੰ ਆਖਿਆ, ਪਹਿਲੀ ਸ਼ਰਤ ਸੁਣਾ ਦਿੱਤੀ, ਘਰ-ਬਾਰ ਛੱਡ ਕੇ ਆ, ਫਿਰ ਦੱਸਾਂਗਾ, ਸ਼ਾਂਤੀ ਕਿਵੇਂ ਮਿਲਣੀ ਹੈ? ਤੇ ਮੈਂ ਪੁੱਛਿਆ ਕੋਈ ਅਗਲੀ ਸ਼ਰਤ ਤਾਂ ਨਹੀਂ ਰੱਖੋਗੇ ਤੇ ਉਸ ਜੋਗੀ ਨੇ ਕਿਹਾ, ਜਦੋਂ ਤੂੰ ਘਰ-ਬਾਰ ਛੱਡ ਕੇ ਆ ਜਾਵੇਂਗਾ, ਫਿਰ ਮੈਂ ਤੈਨੂੰ ਕਾਸਾ ਫੜਾ ਕੇ ਇੱਕ ਸਾਲ ਕਹਾਂਗਾ, ਭਿਕਸ਼ਾ (ਭੀਖ) ਮੰਗ। ਫਿਰ ਸ਼ਾਂਤੀ ਦਿਵਾਵਾਂਗਾ।

ਭਾਈ ਜੱਗਾ ਜੀ ਨੇ ਬੇਨਤੀ ਕੀਤੀ, ਧੰਨ ਗੁਰੂ ਅੰਗਦ ਦੇਵ ਜੀ ਮਹਾਰਾਜ, ਮੇਰੀ ਇੰਨੀ ਅਵਸਥਾ ਨਹੀਂ, ਇੰਨਾ ਵੈਰਾਗ ਨਹੀਂ ਕਿ ਮੈਂ ਇਸਤਰੀ ਛੱਡ ਸਕਾਂ, ਬੱਚੇ ਛੱਡ ਸਕਾਂ, ਘਰ ਛੱਡ ਸਕਾਂ, ਕਾਸਾ ਲੈ ਕੇ ਦੁਆਰੇ-ਦੁਆਰੇ ਭੀਖ ਮੰਗ ਸਕਾਂ। ਅਜੇ ਮੇਰੀ ਅਵਸਥਾ ਨਹੀਂ ਤੇ ਫਿਰ ਮਹਾਰਾਜ ਜੀ, ਘੁੰਮਦਾ-ਘੁੰਮਦਾ ਆਪ ਜੀ ਦੀ ਸ਼ਰਨ ਆਇਆ ਹਾਂ। ਕਿਰਪਾ ਕਰੋ, ਮਿਹਰ ਕਰੋ, ਗਰੀਬ ਨਿਵਾਜ। ਧੰਨ ਗੁਰੂ ਅੰਗਦ ਦੇਵ ਜੀ ਮਹਾਰਾਜ ਬਚਨ ਕਰਦੇ ਹਨ,

ਸਾਡੇ ਧੰਨ ਗੁਰੂ ਨਾਨਕ ਮਹਾਰਾਜ ਜੀ ਨਹੀਂ ਕਹਿੰਦੇ, ਇਸਤਰੀ ਛੱਡ ਦਿਓ, ਬੱਚੇ ਛੱਡ ਦਿਓ। ਨਹੀਂ ਕਹਿੰਦੇ, ਘਰ-ਬਾਰ ਛੱਡ ਦਿਓ। ਇਹ ਨਹੀਂ ਕਹਿੰਦੇ, ਦੁਆਰੇ-ਦੁਆਰੇ ਭੀਖ ਮੰਗ। ਇਸ ਗ੍ਰਿਹਸਥੀ ਵਿੱਚ ਹੀ ਧੰਨ ਗੁਰੂ ਅੰਗਦ ਦੇਵ ਜੀ ਮਹਾਰਾਜ ਜੀ ਨੇ ਕੀ ਉਪਦੇਸ਼ ਦਿੱਤਾ? ਇਹ ਸਵਾਲ-ਜਵਾਬ ਹਨ। ਇੱਕ ਵਾਰੀ ਸਾਰੀ ਸੰਗਤ ਧੰਨ ਗੁਰੂ ਅੰਗਦ ਦੇਵ ਜੀ ਮਹਾਰਾਜ ਦੇ ਚਰਨਾਂ ਦਾ ਧਿਆਨ ਧਰ ਕੇ ਆਖੋ ਜੀ:

***ਸੋ ਸਤਿਗੁਰੁ ਧਨੁ ਧੰਨੁ ਜਿਨਿ ਭਰਮ ਗੜੁ ਤੋੜਿਆ ॥***
***ਸੋ ਸਤਿਗੁਰੁ ਵਾਹੁ ਵਾਹੁ ਜਿਨਿ ਹਰਿ ਸਿਉ ਜੋੜਿਆ ॥***
***(ਅੰਗ ੫੨੨)***

ਪਹਿਲਾ ਸਵਾਲ। ਭਾਈ ਜੱਗਾ ਜੀ ਕਹਿੰਦੇ, ਸਤਿਗੁਰੂ ਜੀ, ਇੱਕ ਜੋਗੀ ਕੋਲ ਗਿਆ ਹਾਂ। ਉਸ ਨੇ ਕਿਹਾ, ਘਰ-ਬਾਰ ਛੱਡ ਦੇ। ਇੱਕ ਸਾਲ ਤੇਰੇ ਕੋਲੋਂ ਭਿਖਿਆ ਮੰਗਾਵਾਂਗਾ। ਇਹ ਭਾਈ ਵੀਰ ਸਿੰਘ ਜੀ ਨੇ ਲਿਖਿਆ ਹੈ, ਉਸ ਨੇ ਕਿਹਾ, ਮਹਾਰਾਜ ਜੀ, ਮੇਰਾ ਪਹਿਲਾ ਸਵਾਲ ਹੈ, ਜੇ ਘਰ ਬੈਠਿਆਂ ਗਤੀ ਹੋ ਸਕਦੀ ਹੈ ਤੇ ਭਲਾ। ਜੇ ਨਹੀਂ ਹੋ ਸਕਦੀ ਤੇ ਫਿਰ ਕੌੜਾ ਘੁੱਟ ਭਰਾਂ। ਫਿਰ ਛੱਡਾਂ ਘਰ-ਬਾਰ ਤੇ ਮੰਗਾਂ ਭਿਖਿਆ। ਇਹ ਸਵਾਲ-ਜਵਾਬ ਹਨ ਸਿੱਖ ਤੇ ਗੁਰੂ ਸਾਹਿਬ ਜੀ ਦੇ। ਸਿੱਧੀ ਸੜਕ ਸੱਚਖੰਡ ਜਾਂਦੀ ਹੈ। ਧੰਨ ਗੁਰੂ ਅੰਗਦ ਦੇਵ ਜੀ ਮਹਾਰਾਜ, ਕੀ ਜਵਾਬ ਦਿੰਦੇ ਹਨ? ਭਾਈ ਜੱਗਾ ਜੀ, ਜੇ ਸਾਰਾ ਜਗਤ ਇੰਝ ਤਿਆਗੀ ਹੋ ਜਾਵੇ ਤੇ ਅੰਨ ਆਏਗਾ ਕਿੱਥੋਂ? ਹੁਣ ਜੱਟ ਕਣਕ ਬੀਜੇ ਹੀ ਨਾ ਕਿ ਮੈਂ ਘਰ-ਬਾਰ ਛੱਡ ਕੇ ਤਿਆਗੀ ਹੋਣਾ ਹੈ। ਫਿਰ ਅੰਨ ਆਏਗਾ ਕਿੱਥੋਂ? ਜੇ ਸਾਰੇ ਕਾਮੇ ਕਹਿ ਦੇਣ, ਅਸੀਂ ਕਪਾਹ ਤੋਂ ਕੱਪੜਾ ਬਣਾਉਣਾ ਹੀ ਨਹੀਂ, ਤਿਆਗੀ ਹੋ ਜਾਣਾ ਹੈ, ਕੱਪੜਾ ਆਏਗਾ ਕਿੱਥੋਂ?

ਭਾਈ ਵੀਰ ਸਿੰਘ ਜੀ ਨੇ ਬੜੇ ਪਿਆਰੇ ਲਫਜ਼ ਲਿਖੇ ਹਨ, ਧੰਨ ਗੁਰੂ ਅੰਗਦ ਦੇਵ ਜੀ ਕਹਿੰਦੇ, ਕੋਈ ਬੀਜੇ, ਕੋਈ ਵੱਢੇ, ਕੋਈ ਪੀਹਵੇ। ਕਿਸੇ ਨੇ ਕਣਕ ਬੀਜੀ, ਕਿਸੇ ਨੇ ਵੱਢੀ। ਸੰਸਾਰ ਹੈ। ਇੰਝ ਜਗਤ ਦਾ ਚੱਕਰ ਚਲਦਾ ਹੈ। ਕੋਈ ਬੀਜੇ, ਕੋਈ ਵੱਢੇ, ਕੋਈ ਪੀਹਵੇ, ਉਸ ਜੋਗੀ ਨੂੰ ਪੁੱਛੀਂ, ਕੋਈ ਬੀਜਦਾ ਹੈ, ਕੋਈ ਵੱਢਦਾ ਹੈ, ਕੋਈ ਪੀਂਹਦਾ ਹੈ ਤੇ ਤਾਂ ਹੀ ਤੈਨੂੰ ਮਿਲਦਾ ਹੈ। ਜੇ ਕੋਈ ਬੀਜੇ ਹੀ ਨਾ, ਵੱਢੇ ਹੀ ਨਾ, ਪੀਹਵੇ ਹੀ ਨਾ, ਜੋਗੀ ਨੂੰ ਕਿੱਥੋਂ ਮਿਲੇਗਾ। ਸੰਸਾਰ ਕਿਵੇਂ ਚੱਲੇਗਾ? ਸਾਰੇ ਹੀ ਤਿਆਗੀ ਹੋ ਜਾਣ, ਸਾਰੇ ਹੀ ਘਰ-ਬਾਰ ਛੱਡ ਦੇਣ। ਕੈਸਾ ਜਵਾਬ, ਧਿਆਨ ਦੇਣਾ। ਜੇ ਸਾਰੇ ਹੀ ਜੋਗੀ ਹੋ ਜਾਣ, ਜਗਤ ਕਿਵੇਂ ਚੱਲੇਗਾ? ਕੋਈ ਕਿਰਤ ਕਰਨ ਵਾਲਾ ਹੀ ਨਹੀਂ ਹੋਵੇਗਾ, ਸਾਰੇ ਹੀ ਮੰਗਣ ਵਾਲੇ ਹੋ ਜਾਣਗੇ, ਜਗਤ ਕਿਵੇਂ ਚੱਲੇਗਾ? ਇਹ ਸੋਝੀ ਹੋ ਗਈ ਕਿ ਇਹ ਮਾਰਗ ਗਲਤ ਹੈ।

ਭਾਈ ਜੱਗਾ ਜੀ ਨੇ ਫਿਰ ਦੂਜਾ ਸਵਾਲ ਕੀਤਾ। ਮਹਾਰਾਜ ਜੀ, ਫਿਰ ਸੰਸਾਰ ਵਿੱਚ ਦੁਖ ਹੀ ਦੁਖ ਹਨ। ਜਿੰਨੀ ਮਰਜ਼ੀ ਕੋਸ਼ਿਸ਼ ਕਰੋ, ਦੁਖ ਆ ਹੀ ਜਾਂਦੇ ਹਨ। ਦੂਜਾ ਲਫਜ਼ ਲਿਖਿਆ ਹੈ, ਜਿਤਨੀ ਸਰੇ ਨੇਕੀ ਕਰੋ। ਭਾਵ ਕਿ ਜਿੰਨਾ ਕੁ ਸਰਦਾ ਹੈ, ਨੇਕੀ ਕਰੋ। ਤਾਂ ਵੀ ਮਹਾਰਾਜ ਜੀ, ਜਿਸ ਨਾਲ ਨੇਕੀ ਕਰੋ, ਸੌ ਵਿੱਚੋਂ ਇੱਕ ਹੀ ਪਛਾਣਦਾ ਹੈ, ਬਾਕੀ ਨੜਿਨਵੇਂ ਬੰਦਿਆਂ ਕੋਲੋਂ ਫਿਰ ਦੁਖ ਹੀ ਮਿਲਦਾ ਹੈ। ਜਿਤਨੀ ਹੋ ਸਕੇ, ਨੇਕੀ ਕਰੋ ਤਾਂ ਵੀ ਸੌ ਪਰਸੈਂਟ ਅੱਗੋਂ ਦੁਖ ਹੀ ਮਿਲਦਾ ਹੈ। ਇਸ ਦਾ ਮਹਾਰਾਜ ਜੀ ਨੇ ਕੀ ਜਵਾਬ ਦਿੱਤਾ?

***ਸੋ ਸਤਿਗੁਰੁ ਧਨੁ ਧੰਨੁ ਜਿਨਿ ਭਰਮ ਗੜੁ ਤੋੜਿਆ ॥***
***ਸੋ ਸਤਿਗੁਰੁ ਵਾਹੁ ਵਾਹੁ ਜਿਨਿ ਹਰਿ ਸਿਉ ਜੋੜਿਆ ॥***
***(ਅੰਗ ੫੨੨)***

***ਭੂਲੇ ਮਾਰਗੁ ਜਿਨਹਿ ਬਤਾਇਆ ॥***
***ਐਸਾ ਗੁਰੁ ਵਡਭਾਗੀ ਪਾਇਆ ॥੧॥***
***(ਅੰਗ ੮੦੩)***

ਧੰਨ ਗੁਰੂ ਅੰਗਦ ਦੇਵ ਜੀ ਮਹਾਰਾਜ ਕਹਿੰਦੇ, ਹਾਂ, ਤੈਂ ਠੀਕ ਕਿਹਾ ਹੈ। ਜਗਤ ਵਿੱਚ ਦੁਖ ਹੀ ਦੁਖ ਹੈ ਪਰ ਬੜੇ ਧਿਆਨ ਨਾਲ ਸੁਣਨਾ। ਮਹਾਰਾਜ ਜੀ ਨੇ ਦੋ ਜਵਾਬ ਦਿੱਤੇ ਹਨ। ਹਾਂ, ਤੈਂ ਠੀਕ ਕਿਹਾ ਹੈ, ਜਗਤ ਵਿੱਚ ਦੁਖ ਹੀ ਦੁਖ ਹੈ ਪਰ ਜਗਤ ਵਿੱਚ ਜਿਹੜਾ ਦੁਖ ਹੀ ਦੁਖ ਹੈ, ਇਹ ਘੱਟ ਸਕਦਾ ਹੈ। ਕਿਵੇਂ? ਜੇ ਸਾਰੇ ਇੱਕ ਦੂਜੇ ਨੂੰ ਪਿਆਰ ਕਰਨ। ਇਸ ਜਗਤ ਵਿੱਚ ਜਿਹੜਾ ਪ੍ਰਾਣੀ ਇਹ ਮਹਿਸੂਸ ਕਰਨ ਲੱਗ ਪੈਂਦਾ ਹੈ, ਅਸੀਂ ਸਾਰੇ ਇੱਕ ਪਿਤਾ ਦੀ ਸੰਤਾਨ ਹਾਂ, ਇੱਕ ਪਿਤਾ ਦੇ ਬੱਚੇ ਹਾਂ, ਉਸ ਦਾ ਦੁਖ ਘੱਟ ਜਾਂਦਾ ਹੈ। ਹੁਣ ਤੁਹਾਡੇ ਵਿੱਚੋਂ ਕੋਈ ਮਹਿਸੂਸ ਕਰਨ ਲੱਗ ਪਏ, ਮੇਰੀ ਨੂੰਹ ਵੀ ਕਲਗੀਧਰ ਪਿਤਾ ਜੀ ਦੀ ਬੱਚੀ ਹੈ, ਮੈਂ ਵੀ ਕਲਗੀਧਰ ਪਿਤਾ ਜੀ ਦੀ ਬੱਚੀ ਹਾਂ, ਸੰਤਾਨ ਤਾਂ ਅਸੀਂ ਉਨ੍ਹਾਂ ਦੀ ਹਾਂ, ਮਾਲਕ ਤਾਂ ਸਾਡਾ ਇੱਕੋ ਹੀ ਹੈ ਕਈ ਤਰ੍ਹਾਂ ਦੇ ਕਲੇਸ਼, ਵੈਰ, ਭਾਵ ਜਿਵੇਂ ਤੁਹਾਡੇ ਸਰੀਰ ਵਿੱਚੋਂ ਖਤਮ ਹੋ ਜਾਂਦੇ ਹਨ। ਹਿਰਦੇ ਵਿੱਚੋਂ ਧੋਤੇ ਜਾਂਦੇ ਹਨ।

***ਏਕੁ ਪਿਤਾ ਏਕਸ ਕੇ ਹਮ ਬਾਰਿਕ ਤੂ ਮੇਰਾ ਗੁਰ ਹਾਈ ॥***

*(ਅੰਗ ੬੧੧)*

ਦਾਸ ਇਹ ਵੀ ਬੇਨਤੀ ਕਰਦਾ ਹੈ, ਸਾਡੇ ਅੰਦਰ ਉਦੋਂ ਸ਼ਾਂਤੀ ਆ ਜਾਵੇਗੀ, ਜਦੋਂ ਅਸੀਂ ਆਪਣੇ ਗੁਆਂਢੀ ਦੇ ਪੁੱਤਰ ਵਿੱਚੋਂ ਵੀ ਆਪਣੇ ਪੁੱਤਰ ਵਰਗੀ ਜੋਤ ਦੇਖਾਂਗੇ। ਜਦੋਂ ਕਿਸੇ ਹਿੰਦੂ ਵੀਰ ਦੇ ਪੁੱਤਰ ਵਿੱਚੋਂ ਵੀ ਆਪਣੇ ਪੁੱਤਰ ਵਰਗੀ ਜੋਤ ਨਜ਼ਰ ਆਵੇਗੀ, ਕਿਸੇ ਮੁਸਲਮਾਨ ਵੀਰ ਦੇ ਪੁੱਤਰ ਵਿੱਚੋਂ ਵੀ ਆਪਣੇ ਪੁੱਤਰ ਵਰਗੀ ਜੋਤ ਨਜ਼ਰ ਆਵੇਗੀ, ਤੇਰੇ ਅੰਦਰ ਸ਼ਾਂਤੀ ਆਉਣੀ ਸ਼ੁਰੂ ਹੋ ਜਾਵੇਗੀ। ਉਹ ਕੰਧਾਂ ਰਹਿਣਗੀਆਂ ਹੀ ਨਹੀਂ। ਅਸੀਂ ਉਸ ਇੱਕ ਪਿਤਾ ਦੀ ਸੰਤਾਨ ਹਾਂ। ਗਰੀਬ ਨਿਵਾਜ ਗੁਰਬਾਣੀ ਵਿੱਚ ਵੀ ਕਹਿੰਦੇ ਹਨ:

***ਕੋਈ ਬੋਲੈ ਰਾਮ ਰਾਮ ਕੋਈ ਖੁਦਾਇ ॥***
***ਕੋਈ ਸੇਵੈ ਗੁਸਈਆ ਕੋਈ ਅਲਾਹਿ ॥੧॥***
***ਕਾਰਣ ਕਰਣ ਕਰੀਮ ॥***
***ਕਿਰਪਾ ਧਾਰਿ ਰਹੀਮ ॥੧॥ ਰਹਾਉ ॥***
***ਕੋਈ ਨਾਵੈ ਤੀਰਥਿ ਕੋਈ ਹਜ ਜਾਇ ॥***
***ਕੋਈ ਕਰੈ ਪੂਜਾ ਕੋਈ ਸਿਰੁ ਨਿਵਾਇ ॥੨॥***
***ਕੋਈ ਪੜੈ ਬੇਦ ਕੋਈ ਕਤੇਬ ॥***
***ਕੋਈ ਓਢੈ ਨੀਲ ਕੋਈ ਸੁਪੇਦ ॥੩॥***
***ਕੋਈ ਕਹੈ ਤੁਰਕੁ ਕੋਈ ਕਹੈ ਹਿੰਦੂ ॥***
***ਕੋਈ ਬਾਛੈ ਭਿਸਤੁ ਕੋਈ ਸੁਰਗਿੰਦੂ ॥੪॥***
***ਕਹੁ ਨਾਨਕ ਜਿਨਿ ਹੁਕਮੁ ਪਛਾਤਾ ॥***
***ਪ੍ਰਭ ਸਾਹਿਬ ਕਾ ਤਿਨਿ ਭੇਦੁ ਜਾਤਾ ॥੫॥੯॥***

*(ਅੰਗ ੮੮੫)*

ਬੜੇ ਪਿਆਰ ਬਚਨ। ਧੰਨ ਗੁਰੂ ਅੰਗਦ ਦੇਵ ਜੀ ਨੇ ਬਚਨ ਕੀਤਾ, ਘਰਾਂ ਦੇ ਦੁਖ, ਸੰਸਾਰ ਦੇ ਦੁਖ ਘੱਟ ਸਕਦੇ ਹਨ, ਜੇ ਸਾਰੇ ਇੱਕ ਦੂਜੇ ਨੂੰ ਪਿਆਰ ਕਰਨ। ਭਰਾ ਇਹ ਸੋਚੇ ਕਿ ਜਿਹੜਾ ਮੇਰਾ ਭਰਾ ਹੈ, ਹੈ ਇਹ ਵੀ ਕਲਗੀਧਰ ਪਿਤਾ ਜੀ ਦਾ ਤੇ ਮੈਂ ਵੀ ਕਲਗੀਧਰ ਪਿਤਾ ਜੀ ਦਾ। ਪਿਤਾ ਜੀ ਤਾਂ ਸਾਡੇ ਇੱਕ ਹੀ ਹਨ।

***ਏਕੁ ਪਿਤਾ ਏਕਸ ਕੇ ਹਮ ਬਾਰਿਕ ਤੂ ਮੇਰਾ ਗੁਰ ਹਾਈ ॥***

*(ਅੰਗ ੬੧੧)*

ਇਹ ਹਕੀਕਤ ਹੈ, ਜਦੋਂ ਸਾਰੇ ਇੱਕ ਦੂਜੇ ਨੂੰ ਪਿਆਰ ਕਰਨ, ਦੁਖ ਘੱਟ ਸਕਦਾ ਹੈ। ਇਹ ਪਿਆਰ ਵੰਡੋ। ਸਤਿਸੰਗਤ ਦੇ ਇਹੀ ਲਾਭ ਹਨ, ਇਹੀ ਫਾਇਦੇ ਹਨ। ਤੁਸੀਂ ਇੱਕ ਨਾਂ ਸੁਣਿਆ ਹੋਵੇਗਾ, ਰਾਮਪੁਰ ਖੇੜੇ ਵਾਲੇ ਮਹਾਂਪੁਰਸ਼, ਬਾਬਾ ਹਰਨਾਮ ਸਿੰਘ ਜੀ। ਇਹ ਗੁਣ ਉਨ੍ਹਾਂ ਵਿੱਚ ਬਹੁਤ ਜ਼ਿਆਦਾ ਸੀ। ਸੇ ਕਿਨੇਹਿਆ ਪੁਸਤਕ ਵਿੱਚ, ਦਾਸ ਬਚਨ ਪੜ੍ਹ ਕੇ ਹੈਰਾਨ ਹੋ ਗਿਆ, ਬਾਬਾ ਹਰਨਾਮ ਸਿੰਘ ਜੀ ਮਹਾਂਪੁਰਸ਼ਾਂ ਨੇ, ਆਪਣੇ ਕਿਸੇ ਸੇਵਾਦਾਰ ਨੂੰ ਵੀ ਓਏ

ਕਹਿ ਕੇ ਨਹੀਂ ਸੀ ਬੁਲਾਇਆ, ਬੜੀ ਵੱਡੀ ਗੱਲ ਹੈ। ਨਹੀਂ ਤਾ ਆਮ ਬੰਦੇ ਲੱਗੇ ਹੋਣ ਤੇ ਆਪਾਂ ਕਹਿੰਦੇ ਹਾਂ, ਓਏ, ਇਧਰ ਆ। ਉਨ੍ਹਾਂ ਨੇ ਆਪਣੇ ਕਿਸੇ ਸੇਵਾਦਾਰ ਨੂੰ ਓਏ ਕਹਿ ਕੇ ਨਹੀਂ ਸੀ ਬੁਲਾਇਆ। ਸੇਵਾਦਾਰ ਵੀ ਆਉਂਦਾ ਸੀ, ਆਓ ਜੀ, ਜੀ ਆਇਆਂ ਨੂੰ। ਸੇਵਾਦਾਰ ਨੂੰ ਕੰਮ ਕਹਿੰਦੇ ਸੀ, ਦੋ ਕੰਮ ਤੇਰੇ ਜ਼ਿੰਮੇਂ ਹਨ। ਕਰ ਲਏਂਗਾ, ਹੋ ਜਾਣਗੇ। ਇੱਕ ਹੈ, ਹੁਕਮ। ਇੱਕ ਹੈ, ਉਹ ਪਿਆਰ। ਇਹ ਲਿਆਓ। ਬਚਨ ਮੰਨਣਾ ਤੁਹਾਡੀ ਡਿਊਟੀ ਹੈ, ਫਿਰ ਸਾਡੇ ਅੰਦਰੋਂ ਦੁਖਾਂ ਦੇ ਪਹਾੜ ਮੁਕਾਉਣੇ ਇਹ ਧੰਨ ਗੁਰੂ ਅੰਗਦ ਦੇਵ ਜੀ ਮਹਾਰਾਜ ਦੀ ਡਿਊਟੀ ਹੈ। ਨੂੰਹਾਂ ਪ੍ਰਤੀ ਲਿਆਓ, ਸੱਸਾਂ ਪ੍ਰਤੀ ਲਿਆਓ, ਭਰਾਵਾਂ ਪ੍ਰਤੀ ਲਿਆਓ, ਗੁਆਂਢੀਆਂ ਪ੍ਰਤੀ ਲਿਆਓ। ਬਾਹਰਲੀ ਦੁਨੀਆਂ ਵਿੱਚ ਸਿੱਖਿਆ ਮਿਲਦੀ ਹੈ, ਕਿਸੇ ਦੇ ਮੂੰਹ ਵਿੱਚੋਂ ਰੋਟੀ ਖਿੱਚਣੀ ਕਿਵੇਂ ਹੈ? ਪਰ ਇਸ ਸਤਿਸੰਗ ਵਿੱਚੋਂ ਇਹ ਸਿੱਖਿਆ ਮਿਲਣੀ ਹੈ, ਕਿਸੇ ਦੇ ਮੁੱਖ ਵਿੱਚ ਰੋਟੀ ਪਾਉਣੀ ਕਿਵੇਂ ਹੈ? ਬਾਹਰਲੀ ਦੁਨੀਆਂ ਵਿੱਚੋਂ ਤੁਹਾਨੂੰ ਇਹ ਰਾਏ ਮਿਲਣਗੀਆਂ, ਕਸਰ ਲਗਾਉਣੀ ਕਿਵੇਂ ਹੈ। ਇਸ ਸਤਿਸੰਗ ਦੀ ਦੁਨੀਆਂ ਵਿੱਚੋਂ ਸੋਝੀ ਮਿਲੀ ਹੈ, ਕਸਰ ਖਾਣੀ ਕਿਵੇਂ ਹੈ। ਬਾਹਰਲੀ ਦੁਨੀਆਂ ਵਿੱਚੋਂ ਰਾਏ ਮਿਲੇਗੀ, ਪਹਿਲਾਂ ਆਪਣਾ ਫਾਇਦਾ ਸੋਚ, ਫਿਰ ਕਿਸੇ ਬਾਰੇ ਸੋਚੀਂ। ਇਸ ਗੁਰਮਤਿ ਦੀ ਦੁਨੀਆਂ ਵਿੱਚੋਂ ਸੋਝੀ ਮਿਲੇਗੀ, ਪਹਿਲਾਂ ਦੂਸਰਿਆਂ ਦਾ ਫਾਇਦਾ ਸੋਚ, ਤੇਰਾ ਫਾਇਦਾ ਧੰਨ ਗੁਰੂ ਨਾਨਕ ਮਹਾਰਾਜ ਜੀ ਆਪੇ ਹੀ ਕਰ ਦੇਣਗੇ।

ਦਾਸ ਦਾ ਦਿਲ ਕਰਦਾ ਹੈ, ਇੱਕ ਜੱਥਾ ਇਹੋ ਜਿਹਾ ਬਣਾ ਦੇਈਏ, ਪੰਜਾਹ ਕੁ ਬੰਦਿਆਂ ਦਾ ਜੱਥਾ ਹੋਵੇ, ਜਿੱਥੇ ਕੁਦਰਤੀ ਆਫਤ ਆ ਜਾਵੇ, ਫਿਰ ਬੀਬੀ ਕੌਲਾਂ ਜੀ ਦਾ ਜੱਥਾ ਉੱਥੇ ਵੀ ਪਹੁੰਚ ਜਾਵੇ ਤੇ ਉੱਥੇ ਜਾ ਕੇ ਫਿਰ ਪੂਰੇ ਕਮਰਕੱਸੇ ਨਾਲ ਲੋੜਵੰਦਾਂ ਦੀ ਮਦਦ ਕਰੇ। ਪਤਾ ਲੱਗੇ ਦੁਨੀਆਂ ਨੂੰ, ਧੰਨ ਗੁਰੂ ਨਾਨਕ ਮਹਾਰਾਜ ਦੀ ਇਹ ਬਖਸ਼ੀ ਸਿੱਖੀ ਹੈ। ਜਿਵੇਂ ਕਸ਼ਮੀਰ ਵਿੱਚ ਆ ਗਈ ਹੈ। ਜਿਵੇਂ ਸਹਾਰਨਪੁਰ ਆ ਗਈ। ਸਹਾਰਨਪੁਰ ਵੀ ਦੁਕਾਨਾਂ ਸੜੀਆਂ ਹਨ। ਜਿਵੇਂ ਕਸ਼ਮੀਰ ਵਿੱਚ ਤਰਾਸਦੀ ਆਈ ਹੈ। ਬਾਹਰਲੀ ਦੁਨੀਆਂ ਇਹ ਸੋਚੇਗੀ, ਪਹਿਲਾਂ ਆਪਣਾ ਫਾਇਦਾ ਸੋਚ। ਧੰਨ ਗੁਰੂ ਨਾਨਕ ਮਹਾਰਾਜ ਦੀ ਸੰਗਤ ਵਿੱਚ ਆ ਜਾਓਗੇ ਤੇ ਉੱਥੇ ਆਵੇਗਾ, ਕਿਧਰੇ ਤਰਾਸਦੀ ਆ ਗਈ ਹੈ, ਪਹਿਲਾਂ ਉਸ ਦਾ ਸੋਚ, ਆਪਣਾ ਬਾਅਦ ਵਿੱਚ ਸੋਚ।

ਧੰਨ ਗੁਰੂ ਅੰਗਦ ਦੇਵ ਜੀ ਮਹਾਰਾਜ ਕਹਿੰਦੇ, ਦੁਖ ਘੱਟ ਸਕਦਾ ਹੈ, ਜੇ ਸਾਰੇ ਇੱਕ ਦੂਜੇ ਨੂੰ ਪਿਆਰ ਕਰਨ। ਇਹ ਦੁਖ ਘੱਟ ਸਕਦਾ ਹੈ, ਭਾਈ ਜੱਗਾ ਜੀ। ਜੇ ਇਹ ਭਾਵਨਾ ਬਣਾਈਏ, ਅਸੀਂ ਇੱਕ ਪਿਤਾ ਜੀ ਦੀ ਸੰਤਾਨ ਹਾਂ।

ਦਾਸ ਨੇ ਜਿਹੜਾ ਨਾਂ ਲਿਆ ਹੈ, ਬਾਬਾ ਹਰਨਾਮ ਸਿੰਘ ਜੀ ਰਾਮਪੁਰ ਖੇੜੇ ਵਾਲੇ ਮਹਾਂਪੁਰਸ਼, ਉਹ ਸੇਵਾਦਾਰ ਨੂੰ ਵੀ ਓਏ ਕਹਿ ਕੇ ਨਹੀਂ ਸਨ ਬੁਲਾਉਂਦੇ। ਆਓ ਜੀ, ਜੀ ਆਇਆਂ ਨੂੰ। ਇਹ ਕੰਮ ਆਪ ਜੀ ਦੇ ਜ਼ਿੰਮੇਂ ਲਗਾ ਦੇਈਏ। ਇਹ ਕੰਮ ਹੋ ਜਾਵੇਗਾ। ਕਿਸੇ ਨੇ ਪੁੱਛ ਲਿਆ, ਤੁਸੀਂ ਆਪਣੇ ਸੇਵਾਦਾਰ ਨੂੰ ਵੀ ਓਏ ਕਹਿ ਕੇ ਨਹੀਂ ਬੁਲਾਉਂਦੇ, ਬਾਬਾ ਹਰਨਾਮ ਸਿੰਘ ਜੀ ਨੂੰ। ਕਹਿੰਦੇ, ਸੇਵਾਦਾਰ ਹੋਵੇ, ਮੈਂ ਹੋਵਾਂ, ਅੰਦਰ ਆਤਮਾ ਤਾਂ ਰੱਬ ਦੀ ਹੈ। ਕਹਿੰਦੇ, ਭਾਵੇਂ ਮਾਲਕ ਹੋਵੇ, ਭਾਵੇਂ ਸੇਵਾਦਾਰ ਹੋਵੇ, ਭਾਵੇਂ ਮੈਂ ਹੋਵਾਂ, ਜੋਤ ਤਾਂ ਸਾਰਿਆਂ ਅੰਦਰ ਉਸ ਨਿਰੰਕਾਰ ਦੀ ਹੀ ਕੰਮ ਰਹੀ ਹੈ। ਧੰਨ ਗੁਰੂ ਅੰਗਦ ਦੇਵ ਜੀ ਮਹਾਰਾਜ ਨੇ ਦੋ ਜਵਾਬ ਦਿੱਤੇ, ਪਹਿਲਾ ਜਵਾਬ- ਭਾਵੇਂ ਮੁਸਲਮਾਨ ਹੈ, ਭਾਵੇਂ ਹਿੰਦੂ ਹੈ, ਬੋਧੀ ਹੈ, ਈਸਾਈ ਹੈ ਪਰ ਸਾਰੇ ਅਕਾਲ ਪੁਰਖ ਦੀ

ਹੀ ਸੰਤਾਨ ਹਨ। ਵੈਰ ਰਹੇਗਾ ਹੀ ਨਹੀਂ। ਦੂਜਾ ਧੰਨ ਗੁਰੂ ਅੰਗਦ ਦੇਵ ਜੀ ਨੇ ਆਖਿਆ, ਭਾਈ ਜੱਗਾ ਜੀ, ਉਸ ਦੀ ਯਾਦ ਹਿਰਦੇ ਵਿੱਚ ਵਸਾਓ। ਫਿਰ ਮਨ ਨਿਰਮਲ ਹੋ ਜਾਵੇਗਾ।

***ਭੂਲੇ ਮਾਰਗੁ ਜਿਨਹਿ ਬਤਾਇਆ॥***
***ਐਸਾ ਗੁਰੁ ਵਡਭਾਗੀ ਪਾਇਆ॥੧॥***

*(ਅੰਗ ੮੦੩)*

ਭਾਈ ਜੱਗਾ ਜੀ ਨੇ ਤੀਜਾ ਸਵਾਲ ਕੀਤਾ। ਕਹਿਣ ਲੱਗੇ, ਮਹਾਰਾਜ ਜੀ! ਸਾਰਾ ਦਿਨ ਕੰਮ-ਕਾਰ ਹੈ, ਸਾਰਾ ਦਿਨ ਧੰਦਾ ਹੈ, ਸਖਤ ਮਿਹਨਤ ਹੈ। ਕੀ ਪਾਰ ਉਤਾਰਾ ਹੋ ਜਾਵੇਗਾ? ਕੀ ਜਨਮ ਮਰਨ ਦੇ ਦੁਖ ਤੋਂ ਮੁਕਤ ਹੋ ਜਾਵਾਂਗਾ? ਧੰਨ ਗੁਰੂ ਅੰਗਦ ਦੇਵ ਜੀ ਮਹਾਰਾਜ ਨੇ ਜਵਾਬ ਦਿੱਤਾ। ਬਹੁਤ ਪਿਆਰਾ ਜਵਾਬ ਹੈ। ਮਹਾਰਾਜ ਜੀ ਕਹਿੰਦੇ, ਕੋਈ ਕੰਮ-ਕਾਰ, ਇਹੋ ਜਿਹਾ ਨਹੀਂ ਕਿ ਜਿਹੜਾ ਕੰਮ ਕਾਰ ਕਰਦਿਆਂ ਵਿੱਚ ਵਕਤ ਨਾ ਮਿਲੇ, ਜਿਤਨੇ ਕੰਮ ਕਾਰ ਹਨ, ਉਨ੍ਹਾਂ ਵਿੱਚੋਂ ਕੋਈ ਵਕਤ ਖਾਲੀ ਆ ਜਾਂਦਾ ਹੈ, ਉਹ ਖਾਲੀ ਵਕਤ ਹੀ ਕਰਤਾਰ ਦੀ ਸੰਭਾਲ ਕਰਨੀ ਹੈ। ਬੜੇ ਧਿਆਨ ਨਾਲ ਸੁਣਨਾ। ਕੋਈ ਕੰਮ ਕਾਰ ਐਸਾ ਨਹੀਂ। ਕੋਈ ਹੱਟੀ ਤੇ ਦੁਕਾਨਦਾਰ ਬੈਠਾ ਹੈ। ਕੋਈ ਗਾਹਕ ਸੌਦਾ ਲੈ ਕੇ ਗਿਆ ਹੈ ਤੇ ਕਈ ਵਾਰ ਅਗਲੇ ਗਾਹਕ ਦੇ ਆਉਣ ਤੱਕ ਦਸ ਮਿੰਟ ਵਿਹਲੇ ਆ ਜਾਂਦੇ ਹਨ। ਜਿਹੜੇ ਦਸ ਮਿੰਟ ਵਿਹਲੇ ਆ ਜਾਂਦੇ ਹਨ, ਉਸ ਸਮੇਂ ਵੀ ਕਰਤਾਰ ਦੀ ਸੰਭਾਲ ਕਰ। ਤੇਰੀ ਦੁਕਾਨ ਵੀ ਸਫਲੀ। ਕਿਰਤ ਵੀ ਸਫਲੀ। ਕੋਈ ਕਾਰੀਗਰ ਮਸ਼ੀਨ ਤੇ ਕੰਮ ਕਰ ਰਿਹਾ ਹੈ, ਵਿੱਚ ਇਹੋ ਜਿਹਾ ਟਾਈਮ ਆ ਜਾਂਦਾ ਹੈ, ਚੀਜ਼ ਮਸ਼ੀਨ ਵਿੱਚ ਪਾ ਦਿੱਤੀ ਤੇ ਉਸ ਨੇ ਦੋ ਮਿੰਟ ਵਿੱਚ ਤਿਆਰ ਕਰਨੀ ਹੈ, ਕਾਰੀਗਰ ਨੇ ਸਿਰਫ ਕੌਲ ਖਲੋਣਾ ਹੈ। ਜਿਹੜਾ ਖਲੋਣਾ ਹੈ, ਦੋ-ਤਿੰਨ ਮਿੰਟ, ਜੇ ਕਾਰੀਗਰ ਨੇ ਸੰਗਤ ਕੀਤੀ ਹੋਵੇ, ਉਸ ਦੋ-ਤਿੰਨ ਮਿੰਟ ਵੀ ਉਸ ਕਰਤਾਰ ਦੀ ਸੰਭਾਲ ਕਰਨੀ ਹੈ। ਬੜੀ ਵੱਡੀ ਗੱਲ ਹੈ। ਹੁਣ ਦਾਸ ਕਹੇ ਕਿ ਕੋਈ ਬੀਬੀ ਸਾਰਾ ਦਿਨ ਪਰਸ਼ਾਦਾ ਪਕਾਉਂਦੀ ਰਹੇ, ਸਾਰਾ ਦਿਨ ਸਫਾਈਆਂ, ਅਜਿਹਾ ਨਹੀਂ। ਵਿੱਚ ਵਿਹਲ ਆਉਂਦੀ ਹੈ ਤੇ ਜਿਹੜੀ ਵਿਹਲ ਆਉਂਦੀ ਹੈ, ਉਹ ਸਮੇਂ ਨੂੰ ਸੰਭਾਲੋ। ਮਹਾਰਾਜ ਜੀ ਕਹਿੰਦੇ, ਜਿਹੜਾ ਵਿਹਲ ਵਿੱਚ ਕਰਤਾਰ ਨੂੰ ਸੰਭਾਲਦਾ ਹੈ, ਉਹ ਕਰਤਾਰ ਇਹੋ ਜਿਹੀ ਕਿਰਪਾ ਕਰ ਦਿੰਦਾ ਹੈ, ਜਿਹੜਾ ਟਾਈਮ ਕੰਮ ਕਾਰ ਨੂੰ ਲੱਗਦਾ ਹੈ, ਉਸ ਕੰਮ ਕਾਰ ਵਿੱਚ ਕਰਤਾਰ ਵਸਣਾ ਸ਼ੁਰੂ ਕਰ ਦਿੰਦਾ ਹੈ। ਬਹੁਤ ਧਿਆਨ ਦੇਣਾ। ਪਹਿਲਾਂ ਵਿਚਲੀ ਵਿਹਲ ਸੰਭਾਲ। ਉਸ ਵਿਹਲ ਨੂੰ ਸੰਭਾਲਣ ਨਾਲ ਕੀ ਹੋਵੇਗਾ, ਕੰਮ ਕਾਰ ਵਿੱਚ ਵੀ ਕਰਤਾਰ ਵਸ ਜਾਵੇਗਾ।

ਤੁਸੀਂ ਕੋਈ ਕੰਮ ਵੇਖ ਲਓ। ਹੁਣ ਕੋਈ ਗੱਡੀ ਪਾਈ ਹੈ। ਸਕੂਲ ਦੇ ਬੱਚੇ ਘਰੋਂ ਸਕੂਲ ਤੇ ਸਕੂਲ ਤੋਂ ਘਰ ਛੱਡਣ ਦੀ ਡਿਊਟੀ ਕਰਦਾ ਹੈ, ਜਦ ਹੁਣ ਘਰੋਂ ਬੱਚੇ ਨੂੰ ਲਿਆ ਕੇ ਸਕੂਲ ਛੱਡਿਆ। ਸਾਰਾ ਦਿਨ ਜੇ ਹੋਰ ਕੋਈ ਕੰਮ ਨਹੀਂ ਤਾ ਜੋ ਵਿੱਚ ਵਿਹਲ ਦਾ ਸਮਾਂ ਹੈ ਉਸ ਨੂੰ ਸੰਭਾਲੋ। ਗੱਡੀ ਚਲਾਉਂਦੇ ਵੀ ਧਿਆਨ ਰੱਖਣਾ ਹੈ। ਇੱਕ ਜਗ੍ਹਾ ਤੋਂ ਦੂਜੀ ਜਗ੍ਹਾ ਸਮੇਂ ਰਸਤੇ ਵਿੱਚ 15-20 ਮਿੰਟ ਲਗਣੇ ਹਨ ਉਸ ਸਮੇਂ ਵੀ ਨਾਮ ਦੀ ਅਰਾਧਨਾ ਕਰੋ। ਗੱਡੀ ਚਲਾਉਂਦਿਆਂ ਵੀ ਕਰਤਾਰ ਨਾਲ ਹੀ ਚੱਲੇਗਾ। ਨਾਲ ਹੀ ਵੱਸੇਗਾ। ਪਹਿਲਾਂ ਵਿੱਚ ਵਿਹਲ ਨੂੰ ਸੰਭਾਲ, ਫਿਰ ਤੇਰੇ ਕੰਮ ਵਿੱਚ ਵੀ ਕਰਤਾਰ ਆ ਜਾਵੇਗਾ। ਦਾਸ ਅਗਲੀ ਗੱਲ ਪੜ੍ਹ ਕੇ ਹੈਰਾਨ ਹੋ ਗਿਆ, ਮਹਾਰਾਜ ਜੀ ਕਹਿੰਦੇ, ਪਰ। ਇਹ ਗੱਲ ਕਹਿ ਕੇ ਕਿ ਵਿਹਲ ਵਿੱਚ ਵੀ ਕਰਤਾਰ ਨੂੰ ਸੰਭਾਲਣਾ ਹੈ, ਕਰਤਾਰ ਕੰਮ ਵਿੱਚ ਵੀ ਵਸ ਜਾਵੇਗਾ।

ਇਤਿਹਾਸਿਕ ਬਚਨ ਹੈ, ਮਹਾਰਾਜ ਜੀ ਨੇ ਨਾਲ ਬਚਨ ਕੀਤਾ, ਜਿਹੜਾ ਖਾਲੀ ਟਾਈਮ ਵਿੱਚ ਮਿਲੇ ਕਰਤਾਰ ਨੂੰ ਸੰਭਾਲੋ ਪਰ ਇਸ ਦੀ ਨੀਂਹ ਆਪਣੇ ਘਰ ਸਵੇਰੇ ਹੀ ਰੱਖ ਲੈਣੀ ਹੈ। ਇਸ ਦੀ ਨੀਂਹ ਆਪਣੇ ਘਰ ਅੰਮ੍ਰਿਤ ਵੇਲੇ ਹੀ ਰੱਖ ਲੈਣੀ ਹੈ, ਪੱਕੀ ਕਰ ਲੈਣੀ ਹੈ। ਜਿਹੜਾ ਅੰਮ੍ਰਿਤ ਵੇਲੇ ਦੀ ਨੀਂਹ ਪੱਕੀ ਕਰਕੇ ਚਲਦਾ ਹੈ। ਉਸ ਉੱਤੇ ਕਰਤਾਰ ਦੀ ਵਧੇਰੇ ਪ੍ਰਸੰਨਤਾ ਹੈ। ਇਸ਼ਾਰਾ ਕਿਸ ਦਾ ਦਿੱਤਾ? ਅੰਮ੍ਰਿਤ ਵੇਲੇ ਦਾ।

ਦਾਸ ਭਾਈ ਵੀਰ ਸਿੰਘ ਜੀ ਦੇ ਲਫਜ਼ ਪੜ੍ਹਦਾ ਹੈ। ਧੰਨ ਗੁਰੂ ਅੰਗਦ ਦੇਵ ਜੀ ਕਹਿੰਦੇ, ਰਾਤ ਜ਼ਰਾ ਜਲਦੀ ਸੌਂ ਜਾਵੇ। ਤੁਸੀਂ ਆਪੇ ਅੰਦਾਜ਼ਾ ਲਗਾ ਲੈਣਾ। ਰਾਤ ਜ਼ਰਾ ਜਲਦੀ ਸੌਂ ਜਾਵੇ, ਸਵੇਰੇ ਸੁਵਖਤੇ ਜਾਗ ਪਵੇ। ਸੁਵਖਤੇ ਜਾਗਣ ਤੋਂ ਬਾਅਦ ਕਰਤਾਰ ਦੀ ਯਾਦ ਵਿੱਚ, ਇਸ਼ਨਾਨ ਕਰਨ ਤੋਂ ਬਾਅਦ ਬੈਠੇਗਾ, ਉਹ ਸਵੇਰ ਦੀ ਕੀਤੀ ਹੋਈ ਕਮਾਈ, ਸਵੇਰ ਦੀ ਰੱਖੀ ਹੋਈ ਨੀਂਹ ਦਾ ਅਸਰ ਸਾਰਾ ਦਿਨ ਉਸ ਦੇ ਕੰਮ ਕਾਰ ਉੱਤੇ, ਉਸਦੇ ਹਿਰਦੇ ਤੇ ਰਹੇਗਾ। ਇਸ ਦੀ ਨੀਂਹ ਅੰਮ੍ਰਿਤ ਵੇਲੇ ਜ਼ਰੂਰ ਰੱਖੋ, ਭਾਵੇਂ ਘੰਟਾ ਹੀ ਰੱਖ ਲਵੇ। ਡੇਢ ਘੰਟਾ ਹੀ ਰੱਖ ਦਿਓ।

ਬਾਬਾ ਹਰਭਜਨ ਸਿੰਘ ਜੀ ਵੱਡੇ, ਨਾਨਕਸਰ ਵਾਲੇ, ਜਿਹੜੇ ਚੌਲਾ ਬਦਲ ਗਏ ਹਨ। ਅੰਮ੍ਰਿਤਸਰ ਦਾ ਇੱਕ ਸਰੀਰ ਉਨ੍ਹਾਂ ਕੋਲ ਗਿਆ ਸੀ। ਉਸ ਨੇ ਆਖਿਆ ਸੀ, ਮਹਾਂਪੁਰਸ਼ੋ! ਮਨ ਨਹੀਂ ਜੁੜਦਾ ਤੇ ਬਾਬਾ ਹਰਭਜਨ ਸਿੰਘ ਜੀ ਨੇ ਆਖਿਆ ਸੀ, ਨਿਰਨੇ ਪੇਟ ਜਿਹੜੀ ਚੀਜ਼ ਖਾਈਏ, ਉਸਦਾ ਅਸਰ ਸਾਰਾ ਦਿਨ ਰਹਿੰਦਾ ਹੈ। ਤੇਰਾ ਮਨ ਨਹੀਂ ਜੁੜਦਾ, ਤੂੰ ਕੁਝ ਛੱਕਣ ਤੋਂ ਪਹਿਲਾਂ ਪੰਜ ਪਾਠ ਜਪੁਜੀ ਸਾਹਿਬ ਦੇ ਰੋਜ਼ਾਨਾ ਹਾਜ਼ਰੀ ਲਗਾਇਆ ਕਰ, ਫਿਰ ਉਸ ਦਾ ਅਸਰ ਸਾਰਾ ਦਿਨ ਹੀ ਰਹੇਗਾ।

ਇਹ ਧੰਨ ਗੁਰੂ ਅੰਗਦ ਦੇਵ ਜੀ ਦਾ ਬਚਨ, ਸਵੇਰੇ ਦੀ ਰੱਖੀ ਨੀਂਹ ਦਾ ਅਸਰ ਸਾਰਾ ਦਿਨ ਰਹਿੰਦਾ ਹੈ। ਦਾਸ ਨੂੰ ਗੱਲ ਚੰਗੀ ਲੱਗੀ। ਧੰਨ ਗੁਰੂ ਅੰਗਦ ਦੇਵ ਜੀ ਨੇ ਸੌਣ ਦੀ ਜਾਚ ਦੱਸੀ। ਸੌਣਾ ਕਿਵੇਂ ਹੈ? ਵੇਖੋ, ਦਿਨ ਦੀ ਵੀ ਗੱਲ ਦੱਸ ਦਿੱਤੀ। ਜਿਹੜੀ ਵਿਹਲ ਹੋਵੇ, ਕਰਤਾਰ ਨੂੰ ਸੰਭਾਲਿਆ ਕਰੋ। ਉਹ ਫਿਰ ਹੌਲੀ-ਹੌਲੀ ਕੰਮ ਵਿੱਚ ਵੀ ਕਰਤਾਰ ਆ ਜਾਵੇਗਾ। ਇਹ ਵੀ ਦੱਸ ਦਿੱਤਾ, ਨੀਂਹ ਸਵੇਰੇ ਰੱਖਣੀ ਹੈ, ਅੰਮ੍ਰਿਤ ਵੇਲੇ ਤੇ ਧੰਨ ਗੁਰੂ ਅੰਗਦ ਦੇਵ ਜੀ ਕਹਿੰਦੇ, ਨੀਂਦ ਨਾ ਆਈ ਹੋਵੇ ਤੇ ਸੌਣਾ ਨਹੀਂ। ਕਈ ਵਾਰ ਨੀਂਦ ਨਹੀਂ ਆਈ ਹੁੰਦੀ ਤੇ ਬੰਦਾ ਧੱਕੇ ਨਾਲ ਲੰਮਾ ਪਿਆ ਰਹਿੰਦਾ ਹੈ। ਨੀਂਦ ਨਾ ਆਈ ਹੋਵੇ ਤੇ ਸੌਣਾ ਨਹੀਂ। ਸੌਣਾ ਕਿਵੇਂ ਹੈ? ਸਾਂਈਂ ਦੀ ਯਾਦ ਵਿੱਚ ਬੈਠਣਾ ਹੈ, ਨੀਂਦ ਨਹੀਂ ਆਈ ਤੇ ਉਦੋਂ ਤੱਕ ਸਾਂਈਂ ਦੀ ਯਾਦ ਵਿੱਚ ਜਪੀ ਚਲੋ। ਨੀਂਦ ਆ ਗਈ ਤੇ ਸੌਂ ਜਾਓ। ਇੰਝ ਸੌਣ ਨਾਲ ਕੀ ਹੋਵੇਗਾ, ਧੰਨ ਗੁਰੂ ਅੰਗਦ ਦੇਵ ਜੀ ਕਹਿੰਦੇ, ਭਾਈ ਜੱਗਾ, ਤੇਰੀ ਨੀਂਦ ਵੀ ਸਫਲੀ ਹੋ ਜਾਵੇਗੀ। ਗੱਲ ਨੋਟ ਕਰਿਓ। ਕਈ ਵਾਰ ਨੀਂਦ ਨਹੀਂ ਆਈ ਹੁੰਦੀ ਤੇ ਬੰਦਾ ਧੱਕੇ ਨਾਲ ਹੀ ਲੇਟਿਆ ਰਹਿੰਦਾ ਹੈ। ਉਹ ਸਮਾਂ ਫਿਰ ਸਾਂਈਂ ਦੀ ਯਾਦ ਵਿੱਚ ਗੁਜ਼ਾਰੋ। ਜਦੋਂ ਜ਼ੋਰ ਪੈ ਜਾਵੇ, ਫਿਰ ਸੌਂ ਜਾਓ। ਜ਼ੋਰ ਪੈ ਗਿਆ, ਗ੍ਰਿਹਸਤੀ ਹਾਂ। ਕੋਈ ਮਹਾਤਮਾ ਹੋਵੇਗਾ, ਬਾਬਾ ਨੰਦ ਸਿੰਘ ਜੀ ਵਰਗਾ, 24 ਘੰਟਿਆਂ ਵਿੱਚੋਂ ਦੋ ਘੰਟੇ ਅਰਾਮ। ਨੀਂਦ ਨੇ ਜ਼ੋਰ ਪਾ ਦਿੱਤਾ ਹੈ ਪਰ ਤੁਸੀਂ ਸਿਮਰਨ ਵਿੱਚ ਹੋ ਤੇ ਤੁਸੀਂ ਸਿਰਹਾਣੇ ਤੇ ਸਿਰ ਰੱਖ ਦਿੱਤਾ ਹੈ। ਸੌਂ ਗਏ ਹੋ। ਮਹਾਰਾਜ ਜੀ ਕਹਿੰਦੇ, ਜਿੰਨੇ ਘੰਟੇ ਸੋਵੋਂਗੇ, ਉਹ ਤੁਸੀਂ ਸਾਂਈਂ ਨੂੰ ਜਪਦਿਆਂ ਸੁੱਤੇ ਹੋ। ਭਾਈ ਜੱਗਾ ਜੀ, ਤੁਹਾਡੀ ਨੀਂਦ ਵੀ ਸਫਲੀ ਹੋ ਜਾਵੇਗੀ। ਕਹਿੰਦੇ ਹਨ:

***ਕਿਆ ਸਵਣਾ ਕਿਆ ਜਾਗਣਾ ਗੁਰਮੁਖਿ ਤੇ ਪਰਵਾਣੁ ॥***

***(ਅੰਗ ੩੧੨)***

ਜੇ ਬਾਣੀ ਵਿੱਚੋਂ ਗੱਲ ਨਾ ਕਰੀਏ ਤੇ ਤਸੱਲੀ ਨਹੀਂ ਹੁੰਦੀ। ਜਿਹੜਾ ਇੰਝ ਸੌਂਦਾ ਹੈ ਤੇ ਉਸ ਦਾ ਸੌਣਾ ਵੀ ਪ੍ਰਵਾਨ ਹੈ। ਸੰਗਤ ਜੀ, ਭਾਈ ਜੱਗਾ ਜੀ ਦੀ ਨਿਸ਼ਠਾ ਹੋ ਗਈ। ਧੰਨ ਗੁਰੂ ਅੰਗਦ ਦੇਵ ਜੀ ਦੇ ਚਰਨਾਂ ਵਿੱਚੋਂ ਨਾਮ ਲਿਆ, ਚਰਨ ਪਾਹੁਲ ਲਈ ਜਿਵੇਂ ਤੁਸੀਂ ਪੰਜ ਪਿਆਰਿਆਂ ਤੋਂ ਲੈਂਦੇ ਹੋ। ਫਿਰ ਭਾਈ ਜੱਗਾ ਜੀ ਨੇ ਨਾਮ ਦੀ ਕਮਾਈ ਕੀਤੀ। ਸੰਤਾਂ ਪਿਆਰਿਆਂ ਦੀ ਸੇਵਾ ਕੀਤੀ। ਇਤਿਹਾਸਕਾਰਾਂ ਨੇ ਲਿਖਿਆ ਹੈ, ਇਹ ਭਾਈ ਜੱਗਾ ਜੀ ਸੇਵਾ ਕਰਦਿਆਂ-ਕਰਦਿਆਂ ਚੋਟੀ ਦੇ ਗੁਰਸਿੱਖਾਂ ਵਿੱਚ ਆ ਗਏ। ਉਹ ਘਾਲਣਾ ਘਾਲਣ ਕਰਕੇ, ਉਹ ਕਮਾਈ ਕਰਨ ਕਰਕੇ, ਰੱਬ ਦੇ ਪਿਆਰਿਆਂ ਦੀ ਸੇਵਾ ਕਰਕੇ, ਭਾਈ ਗੁਰਦਾਸ ਜੀ ਨੇ ਵੀ ਭਾਈ ਜੱਗਾ ਜੀ ਦਾ ਨਾਂ ਆਪਣੀਆਂ ਵਾਰਾਂ ਵਿੱਚ ਲਿਖਿਆ ਹੈ। ਤੁਸੀਂ ਇੰਝ ਸੋਚਣਾ ਕਿ ਧੰਨ ਗੁਰੂ ਅੰਗਦ ਦੇਵ ਜੀ ਨੇ ਸਾਡਾ ਵੀ ਭਰਮ ਤੋੜਿਆ ਹੈ। ਅੱਜ ਸਾਡਾ ਵੀ ਗੜ੍ਹ ਤੋੜਿਆ ਹੈ। ਉਹ ਤਾਂ ਬਹਾਨਾ ਸੀ, ਆਉਣ ਵਾਲੇ ਸਿੱਖ ਸਾਖੀ ਕਰਨਗੇ ਤਾਂ ਸੰਗਤਾਂ ਪਿਆਰ ਨਾਲ ਸੁਣਨਗੀਆਂ ਅਤੇ ਰਸਤੇ ਮਿਲਣਗੇ। ਆਓ ਜੀ, ਇਹ ਪੰਕਤੀ ਪੜ੍ਹੀਏ ਤੇ ਫਿਰ ਸਮਾਪਤੀ ਹੈ:

***ਸੋ ਸਤਿਗੁਰੁ ਧਨੁ ਧੰਨੁ ਜਿਨਿ ਭਰਮ ਗੜੁ ਤੋੜਿਆ ॥***
***ਸੋ ਸਤਿਗੁਰੁ ਵਾਹੁ ਵਾਹੁ ਜਿਨਿ ਹਰਿ ਸਿਉ ਜੋੜਿਆ ॥***

*(ਅੰਗ ੫੨੨)*

***

***ਪੰਨਾ 20 ਦਾ ਬਾਕੀ ਹਿੱਸਾ—***

ਗੁਰਦੁਆਰਾ ਸਾਹਿਬ ਮੱਥਾ ਟੇਕਿਆ ਅਤੇ ਜਲ ਪਾਣੀ ਛਕਿਆ। ਸਮੇਂ ਅਨੁਸਾਰ ਬਾਬਾ ਜੀ ਪਾਸ ਆਏ ਸਤਿਕਾਰ ਭੇਂਟ ਕੀਤਾ ਅਤੇ ਬੜੇ ਪਿਆਰ ਨਾਲ ਦਿਲ ਦੀ ਭਾਵਨਾ ਪ੍ਰਗਟਾਈ।

ਬਾਬਾ ਜੀ ਨੇ ਪ੍ਰਵਾਨਗੀ ਦੇ ਦਿੱਤੀ। ਪਿੰਡ ਆਲੋਵਾਲ ਨੂੰ ਤਿੰਨ ਦਿਨਾਂ ਦਾ ਸਮਾਂ ਪ੍ਰਾਪਤ ਹੋਇਆ। ਸਾਰੇ ਪ੍ਰੇਮੀ ਖੁਸ਼ੀ-ਖੁਸ਼ੀ ਘਰ ਪਰਤੇ। ਸਾਰੇ ਬੜੇ ਚਾਉ ਨਾਲ ਉਡੀਕ ਅਤੇ ਪ੍ਰਬੰਧ ਕਰਨ ਲੱਗੇ। ਬਾਬਾ ਰਾਮ ਸਿੰਘ ਜੀ ਦੀ ਖੁਸ਼ੀ ਦੀ ਕੋਈ ਹੱਦ ਨਹੀਂ ਸੀ। ਨੀਅਤ ਦਿਨ ਮਹਾਂਪੁਰਖ ਜੱਥੇ ਦੇ ਸਿੰਘਾਂ ਸਮੇਤ ਆਣ ਪੁੱਜੇ। ਮਹਾਂਪੁਰਖਾਂ ਦੇ ਪਿੰਡ ਦੇ ਦਰਸ਼ਨ ਕਰਨ ਰਾੜਾ ਸਾਹਿਬ ਦੇ ਨੇੜੇ ਦੇ ਪਿੰਡਾਂ ਤੋਂ ਵੀ ਸੰਗਤ ਆਈ ਸੀ।

ਬਾਬਾ ਜੀ ਨੇ ਪਿੰਡ ਦੇ ਬਾਹਰ ਹੀ ਛੱਪੜ ਦੇ ਨੇੜੇ ਬਰੋਟੇ ਹੇਠ ਤੰਬੂ ਵਿੱਚ ਰਿਹਾਇਸ਼ ਰੱਖੀ। ਲੋੜ ਅਨੁਸਾਰ ਸੰਗਤ ਲਈ ਰਿਹਾਇਸ਼ ਆਦਿ ਦਾ ਪ੍ਰਬੰਧ ਪਿੰਡ ਵਿੱਚ ਹੋ ਗਿਆ।

ਸਤਿਕਾਰਯੋਗ ਪਿਤਾ ਜੀ ਅਤੇ ਮਾਤਾ ਜੀ ਬਹੁਤ ਪ੍ਰਸੰਨ ਸਨ। ਬਾਬਾ ਜੀ ਨੇ ਪੁੱਤਰ ਵੱਤ ਮਾਤਾ-ਪਿਤਾ ਦਾ ਸਤਿਕਾਰ ਕੀਤਾ। ਕੁਝ ਲੋਕਾਂ ਦਾ ਖਿਆਲ ਹੁੰਦਾ ਹੈ ਕਿ ਬਿਹੰਗਮ ਹੋ ਜਾਣ ਤੇ ਪਿਛਲੇ ਪਰਿਵਾਰ ਜਾਂ ਮਾਤਾ-ਪਿਤਾ ਨਾਲ ਕੋਈ ਸੰਬੰਧ ਨਹੀਂ ਰਹਿੰਦਾ। ਆਪੋ ਆਪਣੇ ਖਿਆਲ ਹੁੰਦੇ ਹਨ, ਪਰ ਮਰਿਆਦਾ ਪੁਰਸ਼ੋਤਮ ਮਹਾਤਮਾ ਸਦਾ ਹੀ ਮਾਤਾ-ਪਿਤਾ ਦਾ ਸਤਿਕਾਰ ਕਰਦੇ ਹਨ। ਮਾਪੇ ਸਦਾ ਹੀ ਸਤਿਕਾਰਯੋਗ ਹੁੰਦੇ ਹਨ।

ਜਦ ਮਸਤੂਆਣੇ ਵਾਲੇ ਮਹਾਂਪੁਰਖ ਬਾਬਾ ਅਤਰ ਸਿੰਘ ਜੀ ਹਜ਼ੂਰ ਸਾਹਿਬ ਆਦਿ ਸਥਾਨਾਂ ਤੇ ਘਾਲਣਾ ਘਾਲਣ ਅਤੇ ਰੂਹਾਨੀਅਤ ਦੀ ਉੱਚਤਮ ਅਵਸਥਾ ਪ੍ਰਾਪਤ ਕਰਨ ਤੋਂ ਬਾਅਦ ਆਪਣੇ ਪਿੰਡ ਚੀਮੇ ਆਏ ਤਾਂ ਆਸਣ ਪਿੰਡੋਂ ਬਾਹਰ ਆਪਣੇ ਖੇਤ ਵਿੱਚ ਕੀਤਾ। ਜਦ ਆਪ ਜੀ ਦੇ ਮਾਤਾ ਜੀ ਆਏ ਤਾਂ ਆਪ ਜੀ ਨੇ ਪੈਰੀਂ ਹੱਥ ਲਾ ਕੇ ਸਤਿਕਾਰ ਕੀਤਾ। ਮਾਤਾ ਜੀ ਦਾ ਬਚਨ ਮੰਨ ਕੇ ਬਾਬਾ ਜੀ ਕੁਝ ਦਿਨ ਹੋਰ ਖੇਤ ਵਿੱਚ ਹੀ ਰਹੇ।

***

# ਨੌਵੇਂ ਪਾਤਸ਼ਾਹ ਜੀ ਦੇ ਸਲੋਕਾਂ ਦੀ ਵਿਚਾਰ

*—ਭਾਈ ਪਾਲ ਸਿੰਘ*

**ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 400 ਸਾਲਾ ਪਾਵਨ ਪ੍ਰਕਾਸ਼ ਦਿਵਸ ਨੂੰ ਸਮਰਪਿਤ**

*ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ :-*

***ਨੌਵੇਂ ਪਾਤਸ਼ਾਹ ਜੀ ਦਾ ਗਿਆਰ੍ਹਵਾਂ ਸਲੋਕ :***

***ਪਾਂਚ ਤਤ ਕੋ ਤਨੁ ਰਚਿਓ ਜਾਨਹੁ ਚਤੁਰ ਸੁਜਾਨ ॥***
***ਜਿਹ ਤੇ ਉਪਜਿਓ ਨਾਨਕਾ ਲੀਨ ਤਾਹਿ ਮੈ ਮਾਨੁ ॥੧੧॥***

*(ਅੰਗ ੧੪੨੭)*

ਹੇ ਸਿਆਣੇ ਮਨੁੱਖ! ਤੂੰ ਜਾਣਦਾ ਹੈ ਕਿ ਤੇਰਾ ਸਰੀਰ ਪੰਜ ਤੱਤਾਂ ਤੋਂ ਬਣਿਆ ਹੈ ਤੇ ਜਿਨ੍ਹਾਂ ਤੱਤਾਂ ਤੋਂ ਸਰੀਰ ਬਣਿਆ ਹੈ ਮੁੜ ਉਨ੍ਹਾਂ ਵਿੱਚ ਹੀ ਲੀਨ ਹੋ ਜਾਵੇਗਾ।

ਸਾਡਾ ਅਸਥੂਲ ਸਰੀਰ ਇਨ੍ਹਾਂ ਪੰਜਾਂ ਤੱਤਾਂ ਤੋਂ ਬਣਦਾ ਹੈ ਜਿਵੇਂ ਕਿ

1. **ਮਿੱਟੀ**- ਇਸ ਦੇ ਮਾਸ ਚੰਮ ਹੁੰਦੇ ਹਨ।
2. **ਪੌਣ**- ਇਹ ਸੁਆਸਾਂ ਦੇ ਰੂਪ ਵਿੱਚ ਅਤੇ ਸਰੀਰ ਦੇ ਪੁਲਾੜਾਂ ਵਿੱਚ ਹੁੰਦੀ ਹੈ।
3. **ਪਾਣੀ**- ਇਸ ਦੇ ਲਹੂ ਮਿੱਝ ਹੁੰਦੇ ਹਨ।
4. **ਅਗਨੀ**- ਇਹ ਸਰੀਰ ਨੂੰ ਗਰਮ ਰੱਖਦੀ ਹੈ। ਇਸ ਨਾਲ ਹੀ ਭੋਜਨ ਹਜ਼ਮ ਹੁੰਦਾ ਹੈ।
5. **ਆਕਾਸ਼**- ਨੱਕ, ਕੰਨ, ਮੂੰਹ ਅਤੇ ਸਰੀਰ ਦੇ ਉਹ ਭਾਗ ਜਿੱਥੇ ਹਵਾ ਦੀ ਹੋਂਦ ਵਾਸਤੇ ਪੁਲਾੜ ਦਾ ਹੋਣਾ ਜ਼ਰੂਰੀ ਹੈ। ਉਹ ਸਭ ਆਕਾਸ਼ ਦਾ ਹੀ ਅਸਥਾਨ ਹੁੰਦੇ ਹਨ।

ਸ੍ਰੀ ਗੁਰੂ ਰਾਮਦਾਸ ਜੀ ਵੀ ਕਹਿੰਦੇ ਹਨ ਹੇ ਪ੍ਰਭੂ! ਤੂੰ ਪੰਜ ਤੱਤ ਬਣਾ ਕੇ ਸਾਰੀ ਦੁਨੀਆ ਪੈਦਾ ਕੀਤੀ ਹੈ। ਜੇ ਤੈਥੋਂ ਬਾਹਰਾ ਜੀਵ ਪਾਸੋਂ ਕੁਝ ਹੋ ਸਕਦਾ ਹੋਵੇ ਤਾਂ ਉਹ ਬੇਸ਼ੱਕ ਛੇਵਾਂ ਤੱਤ ਬਣਾ ਕੇ ਵਿਖਾ ਦੇਵੇ।

*ਪ੍ਰਮਾਣ :*

***ਪੰਚ ਤਤੁ ਕਰਿ ਤੁਧੁ ਸ੍ਰਿਸਟਿ ਸਭ ਸਾਜੀ***
***ਕੋਈ ਛੇਵਾ ਕਰਿਉ ਜੇ ਕਿਛੁ ਕੀਤਾ ਹੋਵੈ ॥***

*(ਅੰਗ ੭੩੬)*

ਇਹ ਪੰਜ ਤੱਤ ਸਾਨੂੰ ਸ਼ੁਭ ਗੁਣਾਂ ਦੀ ਪ੍ਰੇਰਨਾ ਵੀ ਦਿੰਦੇ ਹਨ।

1. **ਜਲ ਦੀ ਰਹਿਤ**- ਸਭ ਨੂੰ ਸ਼ੁੱਧ, ਨਿਰਮਲ ਅਤੇ ਸ਼ਾਂਤ ਕਰਨਾ।
2. **ਅਗਨੀ ਦੀ ਰਹਿਤ**- ਸਭ ਨੂੰ ਇਕੋ ਜਿਹਾ ਪ੍ਰਕਾਸ਼ ਤੇ ਨਿੱਘ ਦਿੰਦੀ ਹੈ।
3. **ਪਵਨ ਦੀ ਰਹਿਤ**- ਸਭ ਨੂੰ ਸਮਾਨ ਸਪਰਸ਼ ਕਰਨਾ ਤੇ ਜੀਵਨ ਦੇਣਾ।

   ***ਜੈਸੇ ਰਾਜ ਰੰਕ ਕਉ ਲਾਗੈ ਤੁਲਿ ਪਵਾਨ ॥***

   *(ਅੰਗ ੨੭੨)*
4. **ਪ੍ਰਿਥਵੀ ਦੀ ਰਹਿਤ**- ਧੀਰਜ, ਖਿਮਾ ਦਾ ਧਾਰਨ ਅਤੇ ਸਭ ਨੂੰ ਨਿਵਾਸ ਦੇਣਾ।
5. **ਆਕਾਸ਼ ਦੀ ਰਹਿਤ**- ਸਭ ਨੂੰ ਸਮਦ੍ਰਿਸ਼ਟੀ ਨਾਲ ਵੇਖਣਾ ਅਤੇ ਸਭ ਤੋਂ ਅਸੰਗ (ਨਿਰਲੇਪ, ਨਿਆਰਾ) ਰਹਿਣਾ।

ਭਗਤ ਕਬੀਰ ਜੀ ਕਹਿੰਦੇ ਹਨ ਜਿਵੇਂ ਅਪੁ (ਪਾਣੀ), ਤੇਜ (ਅੱਗ), ਬਾਇ (ਹਵਾ), ਧਰਤੀ ਤੇ ਆਕਾਸ਼ ਇਨ੍ਹਾਂ ਤੱਤਾਂ ਦੇ ਸ਼ੁਭ ਗੁਣਾ ਵਾਂਗ ਮੈਂ ਭੀ ਗੁਣ ਧਾਰਨ ਕੀਤੇ ਹਨ ਤੇ ਪ੍ਰਭੂ ਦੇ ਚਰਨਾਂ ਵਿੱਚ ਜੁੜ ਕੇ ਮੈਂ ਇਸ ਤਰ੍ਹਾਂ ਦੀ ਰਹਿਣੀ ਰਹਿ ਰਿਹਾ ਹਾਂ।

*ਪ੍ਰਮਾਣ :*

*ਅਪੁ ਤੇਜੁ ਬਾਇ ਪ੍ਰਿਥਮੀ ਆਕਾਸਾ ॥*
*ਐਸੀ ਰਹਤ ਰਹਉ ਹਰਿ ਪਾਸਾ ॥*

*(ਅੰਗ ੩੨੭)*

ਧੰਨ ਗੁਰੂ ਅਰਜਨ ਦੇਵ ਜੀ ਵੀ ਕਹਿੰਦੇ ਹਨ ਕਿ ਜਿਸ ਪਰਮਾਤਮਾ ਨੇ ਤੇਰਾ ਮਨ ਬਣਾਇਆ, ਸਰੀਰ ਬਣਾਇਆ। ਪੰਜ ਤੱਤਾਂ ਦਾ ਪੁਤਲਾ ਬਣਾ ਕੇ ਉਸਨੂੰ ਆਪਣੀ ਜੋਤ ਨਾਲ ਸੋਹਣਾ ਬਣਾ ਦਿੱਤਾ। ਜਿਸ ਨੇ ਲੇਟਣ ਵਾਸਤੇ ਧਰਤੀ ਤੇ ਵਰਤਣ ਲਈ ਪਾਣੀ ਦਿੱਤਾ ਉਸ ਪਰਮਾਤਮਾ ਨੂੰ ਕਦੇ ਨਾ ਭੁਲਾਓ ਹਰ ਵੇਲੇ ਸਿਮਰਦੇ ਰਹੋ।

*ਪ੍ਰਮਾਣ :*

*ਮਨੁ ਹਰਿ ਕੀਆ ਤਨੁ ਸਭੁ ਸਾਜਿਆ ॥*
*ਪੰਚ ਤਤ ਰਚਿ ਜੋਤਿ ਨਿਵਾਜਿਆ ॥*
*ਸਿਹਜਾ ਧਰਤਿ ਬਰਤਨ ਕਉ ਪਾਨੀ ॥*
*ਨਿਮਖ ਨ ਵਿਸਾਰਹੁ ਸੇਵਹੁ ਸਾਰਿਗਪਾਨੀ ॥੧॥*

*(ਅੰਗ ੧੩੩੭)*

ਇਸ ਲਈ ਗੁਰੂ ਤੇਗ ਬਹਾਦਰ ਪਾਤਸ਼ਾਹ ਜੀ ਆਖਦੇ ਹਨ ਪੰਜਾਂ ਤੱਤਾਂ ਦਾ ਇਹ ਸਰੀਰ ਬਣਿਆ ਹੈ, ਹੇ ਬੁੱਧੀਮਾਨ ਸਿਆਣੇ! ਇਹ ਗੱਲ ਸਮਝ। ਜਿਨ੍ਹਾਂ ਤੱਤਾਂ ਵਿੱਚੋਂ ਇਹ ਪੈਦਾ ਹੋਇਆ ਹੈ ਉਨ੍ਹਾਂ ਵਿੱਚ ਹੀ ਅੰਤ ਨੂੰ ਲੀਨ ਹੋ ਜਾਵੇਗਾ। ਇਹ ਸਰੀਰ ਦੇ ਝੂਠੇ ਮੋਹ ਵਿੱਚ ਫਸ ਕੇ ਪਰਮਾਤਮਾ ਦਾ ਸਿਮਰਨ ਕਿਉਂ ਭੁਲਾ ਰਿਹਾ ਹੈ।

***

***ਨੌਂਵੇਂ ਪਾਤਸ਼ਾਹ ਜੀ ਦਾ ਬਾਰ੍ਹਵਾਂ ਸਲੋਕ :***

***ਘਟ ਘਟ ਮੈ ਹਰਿ ਜੂ ਬਸੈ ਸੰਤਨ ਕਹਿਓ ਪੁਕਾਰਿ ॥***
***ਕਹੁ ਨਾਨਕ ਤਿਹ ਭਜੁ ਮਨਾ ਭਉ ਨਿਧਿ ਉਤਰਹਿ ਪਾਰਿ ॥੧੨॥***

*(ਅੰਗ ੧੪੨੭)*

ਸੰਤ ਜਨਾ ਨੇ ਉੱਚੀ ਕੂਕ ਕੇ ਦੱਸ ਦਿੱਤਾ ਹੈ ਕਿ ਪਰਮਾਤਮਾ ਹਰੇਕ ਸਰੀਰ ਵਿੱਚ ਵੱਸ ਰਿਹਾ ਹੈ। ਤੂੰ ਉਸ ਪਰਮਾਤਮਾ ਦਾ ਭਜਨ ਕਰਿਆ ਕਰ, ਜਿਸ ਦੀ ਬਰਕਤ ਨਾਲ ਸੰਸਾਰ-ਸਮੁੰਦਰ ਤੋਂ ਤੂੰ ਪਾਰ ਲੰਘ ਜਾਏਂਗਾ।

ਇਸ ਪੰਜ ਤੱਤਾਂ ਦੇ ਸਰੀਰ ਵਿੱਚ ਹਿਲਣ ਜੁਲਣ ਤੇ ਕਰਮ ਕਰਨ ਦੀ ਕੋਈ ਸ਼ਕਤੀ ਨਹੀਂ ਹੁੰਦੀ। ਇਹ ਕੇਵਲ ਇੱਕ ਮਸ਼ੀਨ ਹੈ ਜਿਸ ਨੂੰ ਚਲਾਉਣ ਲਈ ਬਿਜਲੀ ਦੀ ਸ਼ਕਤੀ ਦੀ ਲੋੜ ਹੁੰਦੀ ਹੈ। ਇਸ ਸ਼ਕਤੀ ਦਾ ਨਾਮ ਹੈ ਆਤਮਾ। ਜਿਸ ਦਾ ਕੋਈ ਸਰੂਪ ਜਾਂ ਸਰੀਰਕ ਚਿੰਨ੍ਹ ਨਹੀਂ ਹੁੰਦਾ। ਆਤਮਾ ਪਰਮਾਤਮਾ ਦੀ ਇੱਕ ਬੂੰਦ ਰੂਪ ਹੈ। ਸਰੀਰ ਦੀ ਸੀਮਾ ਅੰਦਰ ਇਹ ਜੀਵ ਆਤਮਾ ਹੈ ਅਤੇ ਸਰੀਰਕ ਸੀਮਾ ਤੋਂ ਬਾਹਰ ਇਹ ਸਰਬਵਿਆਪੀ ਪਰਮਾਤਮਾ ਹੈ।

*ਪ੍ਰਮਾਣ :*

*ਆਤਮ ਰਾਮੁ ਰਾਮੁ ਹੈ ਆਤਮ*
*ਹਰਿ ਪਾਈਐ ਸਬਦਿ ਵੀਚਾਰਾ ਹੇ ॥੭॥*

*(ਅੰਗ ੧੦੩੦)*

ਧੰਨ ਗੁਰੂ ਤੇਗ ਬਹਾਦਰ ਪਾਤਸ਼ਾਹ ਜੀ ਫੁਰਮਾਉਂਦੇ ਹਨ, ਹੇ ਭਾਈ! ਪਰਮਾਤਮਾ ਨੂੰ ਲੱਭਣ ਵਾਸਤੇ ਤੂੰ ਜੰਗਲਾਂ ਵਿੱਚ ਕਿਉਂ ਜਾਂਦਾ ਹੈ? ਪਰਮਾਤਮਾ ਸਭ ਵਿੱਚ ਵੱਸਣ ਵਾਲਾ ਹੈ। ਉਹ ਤੇਰੇ ਨਾਲ ਰਹਿੰਦਾ ਹੈ ਜਿਵੇਂ ਫੁੱਲ ਵਿੱਚ ਸੁਗੰਧੀ ਵੱਸਦੀ ਹੈ, ਜਿਵੇਂ ਮੁਕਰ (ਸ਼ੀਸ਼ੇ) ਵਿੱਚ ਵੇਖਣ ਵਾਲੇ ਦਾ ਅਕਸ਼ ਵੱਸਦਾ ਹੈ।

*ਪ੍ਰਮਾਣ :*

*ਕਾਹੇ ਰੇ ਬਨ ਖੋਜਨ ਜਾਈ ॥*
*ਸਰਬ ਨਿਵਾਸੀ ਸਦਾ ਅਲੇਪਾ*
*ਤੋਹੀ ਸੰਗਿ ਸਮਾਈ ॥੧॥ ਰਹਾਉ ॥*

***ਪੁਹਪ ਮਧਿ ਜਿਉ ਬਾਸੁ ਬਸਤੁ ਹੈ***
***ਮੁਕਰ ਮਾਹਿ ਜੈਸੇ ਛਾਈ ॥***

*(ਅੰਗ ੬੮੪)*

ਪੰਜਵੇਂ ਪਾਤਸ਼ਾਹ ਜੀ ਕਹਿੰਦੇ ਹਨ ਜਿਵੇਂ ਸਭ ਬੂਟਿਆਂ ਵਿੱਚ ਗੁਪਤ ਅੱਗ ਹੈ, ਜਿਵੇਂ ਹਰੇਕ ਕਿਸਮ ਦੇ ਦੁੱਧ ਵਿੱਚ ਘਿਓ ਗੁਪਤ ਮੌਜੂਦ ਹੈ, ਤਿਵੇਂ ਚੰਗੇ ਮੰਦੇ ਸਭ ਜੀਵਾਂ ਵਿੱਚ ਪ੍ਰਭੂ ਦੀ ਜੋਤ ਸਮਾਈ ਹੋਈ ਹੈ। ਪਰਮਾਤਮਾ ਹਰੇਕ ਸਰੀਰ ਵਿੱਚ ਹੈ ਸਭ ਜੀਵਾਂ ਵਿੱਚ ਹੈ।

*ਪ੍ਰਮਾਣ :*

***ਸਗਲ ਬਨਸਪਤਿ ਮਹਿ ਬੈਸੰਤਰੁ ਸਗਲ ਦੂਧ ਮਹਿ ਘੀਆ ॥***
***ਊਚ ਨੀਚ ਮਹਿ ਜੋਤਿ ਸਮਾਣੀ ਘਟਿ ਘਟਿ ਮਾਧਉ ਜੀਆ ॥੧॥***

*(ਅੰਗ ੬੧੭)*

ਕਲਗੀਧਰ ਪਾਤਸ਼ਾਹ ਜੀ ਫੁਰਮਾਉਂਦੇ ਹਨ ਕਿ ਹੇ ਪ੍ਰਮੇਸ਼ਰ! ਸਾਰਿਆਂ ਦੀ ਜੁਬਾਨ ਵਿੱਚ ਤੂੰ ਹੀ ਬੋਲ ਰਿਹਾ ਹੈ।

*ਪ੍ਰਮਾਣ :*

***ਸਮਸਤੁਲ ਜੁਬਾ ਹੈਂ ॥ ਕਿ ਸਾਹਿਬ ਕਿਰਾ ਹੈਂ ॥***

*(ਸ੍ਰੀ ਜਾਪੁ ਸਾਹਿਬ)*

ਧੰਨ ਗੁਰੂ ਰਾਮਦਾਸ ਜੀ ਆਖਦੇ ਹਨ, ਮਨੁੱਖ ਦੀ ਜ਼ੁਬਾਨ ਤੇ ਇੱਕ ਪਾਸੇ ਇਹ ਧਰਤੀ ਤੇ ਫਿਰਨ ਵਾਲੇ ਮਨੁਖ ਤੇ ਪਸ਼ੂ, ਪਾਣੀ ਵਿੱਚ ਰਹਿਣ ਵਾਲੇ ਜੀਵ, ਆਕਾਸ਼ ਵਿੱਚ ਉੱਡਣ ਵਾਲੇ ਪੰਛੀ ਜੋ ਬੋਲਦੇ ਹਨ। ਇਹ ਪਰਮਾਤਮਾ ਦੀ ਸੱਤਿਆ ਤੋਂ ਬਿਨਾਂ ਕਿਸੇ ਹੋਰ ਦੀ ਸੱਤਿਆ ਨਾਲ ਨਹੀਂ ਬੋਲਦੇ।

*ਪ੍ਰਮਾਣ :*

***ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੁ***
***ਸੁ ਬਿਨੁ ਹਰਿ ਜਾਪਤ ਹੈ ਨਹੀ ਹੋਰ ॥੩॥***

*(ਅੰਗ ੧੨੬੫)*

ਗੁਰਦੁਆਰਾ ਮਸਤੂਆਣਾ ਸਾਹਿਬ ਵਿਖੇ ਇੱਕ ਨਿੱਕੀ ਜਿਹੀ ਬੱਚੀ ਰੋ ਰਹੀ ਸੀ, ਉਸਦੇ ਰੋਣ ਦੀ ਆਵਾਜ਼ ਸੁਣ ਕੇ ਬਾਬਾ ਅਤਰ ਸਿੰਘ ਜੀ ਆਪਣੇ ਕਮਰੇ ਅੰਦਰੋਂ ਬਾਹਰ ਆਏ। ਬਾਬਾ ਜੀ ਨੇ ਉਸ ਬੱਚੇ ਦੀ ਮਾਤਾ ਨੂੰ ਪੁੱਛਿਆ ਕਿ ਬੀਬਾ, ਇਹ ਬੱਚੀ ਕਿਉਂ ਰੋ ਰਹੀ ਹੈ? ਬੀਬੀ ਕਹਿੰਦੀ ਕਿ ਬਾਬਾ ਜੀ ਇਸ ਨੂੰ ਭੁੱਖ ਬਹੁਤ ਲੱਗੀ ਹੋਈ ਹੈ। ਮੈਂ ਲੰਗਰ ਵਿੱਚ ਗਈ ਸੀ ਪਰ ਪ੍ਰਬੰਧਕ ਵੀਰ ਕਹਿੰਦੇ ਹਨ ਅਜੇ ਅਰਦਾਸ ਨਹੀਂ ਹੋਈ ਤੇ ਭੋਗ ਨਹੀਂ ਲੱਗਾ। ਬਾਬਾ ਜੀ ਕਹਿੰਦੇ, "ਇਸ ਭੁੱਖੀ ਬੱਚੀ ਨੂੰ ਲੰਗਰ ਛਕਾ ਦਿੰਦੇ, ਇਹੀ ਭੋਗ ਸੀ।" ਫਿਰ ਬਾਬਾ ਜੀ ਪ੍ਰਬੰਧਕ ਵੀਰਾਂ ਨੂੰ ਜਾ ਕੇ ਕਹਿੰਦੇ, "ਭਾਈ ਪੰਜ ਪਰਸ਼ਾਦੇ ਲਿਆਓ ਤੇ ਅਰਦਾਸ ਕਰੀਏ" ਅਰਦਾਸ ਕਰਕੇ ਬਾਬਾ ਜੀ ਕਹਿੰਦੇ, "ਭਾਈ ਲੰਗਰ ਖੁੱਲ੍ਹਣ ਦੀ ਅਰਦਾਸ ਤੇ ਅਸੀਂ ਹੁਣ ਕਰ ਦਿੱਤੀ ਹੈ, ਲੰਗਰ ਹੁਣ ਬੰਦ ਉਦੋਂ ਕਰਿਓ ਜਦੋਂ ਅਸੀਂ ਲੰਗਰ ਬੰਦ ਕਰਨ ਦੀ ਅਰਦਾਸ ਕਰਾਂਗੇ। ਸਵੇਰੇ ਅੰਮ੍ਰਿਤ ਵੇਲੇ ਪੰਜ ਪ੍ਰਸ਼ਾਦੇ ਲੋਹ ਤੇ ਪਕਾ ਕੇ ਭੋਗ ਲਵਾ ਦਿਆ ਕਰਨਾ ਤੇ ਕਿਸੇ ਨੂੰ ਵੀ ਕੋਈ ਵੀ ਸਮਾਂ ਹੋਵੇ ਭੁੱਖਾ ਨਹੀਂ ਭੇਜਣਾ।" ਪਾਤਸ਼ਾਹ ਜੀ ਬਚਨ ਕਰਦੇ ਹਨ, ਭਾਈ ਖਲਕਤ ਵਿੱਚ ਹੀ ਪਰਮੇਸ਼ਰ ਵੱਸਦਾ ਹੈ, ਭਰਮ ਵਿੱਚ ਨਾ ਭੁੱਲੇ ਰਹਿਉ।

*ਪ੍ਰਮਾਣ :*

***ਲੋਗਾ ਭਰਮਿ ਨ ਭੂਲਹੁ ਭਾਈ ॥***
***ਖਾਲਿਕੁ ਖਲਕ ਖਲਕ ਮਹਿ ਖਾਲਿਕੁ***
***ਪੂਰਿ ਰਹਿਓ ਸ੍ਰਬ ਠਾਂਈ ॥੧॥ ਰਹਾਉ ॥***

*(ਅੰਗ ੧੩੫੦)*

ਪੰਜਵੇਂ ਪਾਤਸ਼ਾਹ ਜੀ ਵੀ ਕਹਿੰਦੇ ਹਨ, ਸਾਰੇ ਜੀਵਾਂ ਵਿੱਚ ਪ੍ਰਭੂ ਆਪ ਹੀ ਵਰਤ ਰਿਹਾ ਹੈ ਤੇ ਸਾਰਿਆਂ ਦੀਆਂ ਅੱਖਾਂ ਵਿੱਚੋਂ ਹੀ ਪ੍ਰਭੂ ਆਪ ਹੀ ਵੇਖ ਰਿਹਾ ਹੈ।

***ਸਰਬ ਭੂਤ ਆਪਿ ਵਰਤਾਰਾ ॥***
***ਸਰਬ ਨੈਨ ਆਪਿ ਪੇਖਨਹਾਰਾ ॥***

*(ਅੰਗ ੨੯੪)*

ਇਸ ਲਈ ਧੰਨ ਗੁਰੂ ਤੇਗ ਬਹਾਦਰ ਪਾਤਸ਼ਾਹ ਜੀ ਕਹਿੰਦੇ ਹਨ ਕਿ ਪਰਮਾਤਮਾ ਦਾ ਭਜਨ ਕਰਿਆ ਕਰ ਭਵ ਸਾਗਰ ਤੋਂ ਪਾਰ ਹੋ ਜਾਵੇਗਾ।

*-ਬਾਕੀ ਸਲੋਕ ਅਗਲੇ ਅੰਕ ਵਿੱਚ ਪੜ੍ਹੋ ਜੀ*

# ਅਧਿਆਤਮਿਕ ਵਿਚਾਰਾਂ

—ਸੰਪਾਦਕ

ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੀਆਂ ਕੀਰਤਨ ਵਿਚਾਰਾਂ ਵਿੱਚੋਂ ਬਚਨ

ਲੜੀ ਜੋੜਨ ਲਈ 138 ਅੰਕ ਦੇਖੋ ਜੀ :-

## 501

ਧੰਨ ਗੁਰੂ ਨਾਨਕ ਮਹਾਰਾਜ ਜੀ ਆਖਦੇ ਹਨ, ਜਿਹੜਾ ਮੇਰਾ ਸਿੱਖ ਜਪੁਜੀ ਸਾਹਿਬ ਪੜ੍ਹੇਗਾ ਉਸਨੂੰ ਅਖੀਰ ਵੇਲੇ ਜਮ ਨਹੀਂ ਲੈਣ ਆਉਣਗੇ।

***ਜਪੁਜੀ ਸੇਵ ਕਟਹਿ ਜਮ ਫਾਸੀ।***

*(ਸ੍ਰੀ ਨਾਨਕ ਪ੍ਰਕਾਸ਼)*

## 502

ਧੰਨ ਗੁਰੂ ਗੋਬਿੰਦ ਸਿੰਘ ਜੀ ਆਖਦੇ ਹਨ, ਕਿਸੇ ਕੋਲੋਂ ਨਾ ਸਮਝੀ ਵਿੱਚ ਕਰੋੜਾਂ ਪਾਪ ਵੀ ਹੋ ਜਾਣ, ਜਪੁਜੀ ਸਾਹਿਬ ਨੂੰ ਜਾਪ ਬਣਾ ਲਵੇ। ਇਹਦੇ ਵਿੱਚ ਇੰਨੀ ਬਖਸ਼ਿਸ਼ ਹੈ ਕਰੋੜਾਂ ਦੇ ਕਰੋੜਾਂ ਪਾਪ ਧੋਤੇ ਜਾਣਗੇ।

***ਜਪੁ ਜਾਪੁ ਕਿਯੇ ਅਘ ਕੋਟ ਹਰੈ,***

*(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰੁਤਿ ੫)*

## 503

ਗੁਰੂ ਨਾਨਕ ਸਾਹਿਬ ਦੀ ਦਿਆਲਤਾ ਕਰਮਾਂ ਤੋਂ ਵੀ ਉੱਪਰ ਹੈ। ਜਿਸ ਤੇ ਗੁਰੂ ਨਾਨਕ ਸਾਹਿਬ ਦਿਆਲੂ ਹੋ ਜਾਣ ਉਸਨੂੰ ਸਮੇਂ ਤੋਂ ਪਹਿਲਾਂ ਵੀ ਦਾਤਾਂ ਮਿਲ ਸਕਦੀਆਂ ਤੇ ਕਰਮਾਂ ਤੋਂ ਬਿਨਾਂ ਵੀ ਦਾਤਾਂ ਮਿਲ ਸਕਦੀਆਂ ਹਨ।

ਬੱਚਿਆਂ ਲਈ ਵਿਸ਼ੇਸ਼

## ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 400 ਸਾਲਾ ਪਾਵਨ ਪ੍ਰਕਾਸ਼ ਦਿਵਸ ਨੂੰ ਸਮਰਪਿਤ ਨਵੀਂ ਲਹਿਰ

# 400 ਸਾਲ ਗੁਰ ਇਤਿਹਾਸ ਦੇ ਨਾਲ

ਸਤਿਗੁਰੂ ਜੀ ਦੀ ਕਿਰਪਾ ਨਾਲ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਦੇ 400 ਸਾਲਾ ਪਾਵਨ ਪ੍ਰਕਾਸ਼ ਦਿਵਸ ਦੇ ਸੰਬੰਧ ਵਿੱਚ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਵੱਲੋਂ ਨਵੀਂ ਲਹਿਰ "**400 ਸਾਲ ਗੁਰ ਇਤਿਹਾਸ ਦੇ ਨਾਲ**" ਸਿਫਤਿ ਸਾਲਾਹ ਵਿੱਚ ਅੰਕ 136 ਤੋਂ ਸ਼ੁਰੂ ਕੀਤੀ ਗਈ ਹੈ ਜਿਸ ਵਿੱਚ ਗੁਰੂ ਸਾਹਿਬਾਨਾਂ, ਸ਼ਹੀਦ ਸਿੰਘਾਂ ਅਤੇ ਗੁਰੂ ਕੇ ਪਿਆਰਿਆਂ ਦੇ ਜੀਵਨ ਵਿੱਚੋਂ ਪ੍ਰਸ਼ਨ-ਉੱਤਰ ਦੇ ਰੂਪ ਵਿੱਚ ਆਪਣੇ ਗੌਰਵਮਈ ਸਿੱਖ ਇਤਿਹਾਸ ਤੋਂ ਬੱਚਿਆਂ ਨੂੰ ਜਾਣੂੰ ਕਰਵਾਇਆ ਜਾਵੇਗਾ ਤਾਂ ਕਿ ਉਹ ਇਸ ਤੋਂ ਜਾਣੂ ਹੋ ਕੇ ਸੇਧ ਲੈ ਸਕਣ। ਆਪ ਜੀ ਅਸੀਸ ਦੇਣਾ ਤਾਂ ਕਿ ਇਹ ਸੇਵਾ ਹੋ ਸਕੇ।

***ਨੋਟ : ਸਿਫਤਿ ਸਾਲਾਹ ਵਿੱਚ ਪਰਖ ਤੇ ਪ੍ਰਪੱਕਤਾ ਕਾਲਮ ਦੀ ਜਗ੍ਹਾ ਤੇ ਹੁਣ ਪ੍ਰਸ਼ਨ-ਉੱਤਰਾਂ ਦਾ ਇਹ ਨਵਾਂ ਕਾਲਮ ਸ਼ੁਰੂ ਕੀਤਾ ਗਿਆ ਹੈ ਜੀ।***

*ਲੜੀ ਜੋੜਨ ਲਈ ਅੰਕ ਪਿਛਲਾ ਦੇਖੋ ਜੀ :-*

**14. ਪ੍ਰ: ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਬਾਣੀ ਕਿੰਨੇ ਰਾਗਾਂ ਵਿੱਚ ਦਰਜ ਹੈ ਅਤੇ ਸਭ ਤੋਂ ਵੱਧ 30 ਰਾਗਾਂ ਵਿੱਚ ਕਿਹੜੇ ਗੁਰੂ ਸਾਹਿਬ ਜੀ ਨੇ ਬਾਣੀ ਰਚੀ?**

ਉ: ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਬਾਣੀ 31 ਰਾਗਾਂ ਵਿੱਚ ਦਰਜ ਹੈ। 30 ਰਾਗਾਂ ਵਿੱਚ ਸਭ ਤੋਂ ਵੱਧ ਬਾਣੀ ਧੰਨ ਧੰਨ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਦੀ ਹੈ।

ਧੰਨ ਧੰਨ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਦੇ ਕੁੱਲ 679 ਸ਼ਬਦ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਹਨ। ਕੁੱਲ 30 ਰਾਗਾਂ ਵਿੱਚ ਸ੍ਰੀ ਗੁਰੂ ਰਾਮਦਾਸ ਜੀ ਨੇ ਬਾਣੀ ਰਚੀ ਤੇ ਜਿਨ੍ਹਾਂ ਵਿੱਚੋਂ 11 ਰਾਗ ਸ੍ਰੀ ਗੁਰੂ ਰਾਮਦਾਸ ਜੀ ਨੇ ਖੁਦ ਸਿਰਜੇ ਹਨ। ਇਸ ਤੋਂ ਪਤਾ ਲੱਗਦਾ ਹੈ ਕਿ ਗੁਰੂ ਸਾਹਿਬ ਦਾ ਪਵਿੱਤਰ ਹਿਰਦਾ ਕੋਮਲ ਸੰਗੀਤ ਦੀ ਕੋਮਲਤਾ ਨਾਲ ਕਿਸ ਤਰ੍ਹਾਂ ਓਤ ਪੋਤ ਸੀ।

***

**15. ਪ੍ਰ: ਉਸ ਪਿਆਰੇ ਗੁਰਸਿੱਖ ਦਾ ਕੀ ਨਾਂ ਸੀ ਜਿਨ੍ਹਾਂ ਨੇ ਜੰਗ ਦੇ ਮੈਦਾਨ ਵਿੱਚ ਬਿਨਾਂ ਕਿਸੇ ਭੇਦ-ਭਾਵ ਦੇ ਜ਼ਖਮੀਆਂ ਨੂੰ ਜਲ ਛਕਾਉਣ ਅਤੇ ਮਲ੍ਹਮ ਪੱਟੀ ਕਰਨ ਦੀ ਸੇਵਾ ਨਿਭਾਈ?**

ਉ: ਭਾਈ ਘਨੱਈਆ ਜੀ

ਸ੍ਰੀ ਅਨੰਦਪੁਰ ਸਾਹਿਬ ਦੀ ਜੰਗ ਵਿੱਚ ਭਾਈ ਘਨੱਈਆ ਜੀ ਨੇ ਇਹ ਸੇਵਾ ਨਿਭਾਈ। ਜਦੋਂ ਭਾਈ ਘਨੱਈਆ ਜੀ ਆਪਣੀ ਮਸ਼ਕ ਦਾ ਮੂੰਹ ਖੋਲ੍ਹ ਕੇ ਜ਼ਖਮੀ ਹੋਏ ਸਿੱਖਾਂ ਨੂੰ ਅਤੇ ਮੁਗਲਾਂ ਨੂੰ ਵੀ ਜਲ ਛਕਾ ਰਹੇ ਸਨ ਤੇ ਕਈ ਸਿੱਖਾਂ ਨੇ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੂੰ ਸ਼ਿਕਾਇਤ ਕਰ ਦਿੱਤੀ ਕਿ ਭਾਈ ਘਨੱਈਆ ਜੀ ਦੁਸ਼ਮਣਾਂ ਨੂੰ ਵੀ ਜਲ ਛਕਾ ਰਹੇ ਹਨ। ਜਦੋਂ ਸਤਿਗੁਰਾਂ ਨੇ ਬੁਲਾਇਆ ਤੇ ਪੁੱਛਿਆ ਤੇ ਭਾਈ ਘਨੱਈਆ ਜੀ ਬੜੀ ਨਿਮਰਤਾ ਨਾਲ ਬੇਨਤੀ ਕਰਨ ਲੱਗੇ, ਸੱਚੇ ਪਾਤਸ਼ਾਹ ਜੀ! ਮੈਨੂੰ ਸਾਰਿਆਂ ਵਿੱਚ ਤੁਹਾਡੀ ਹੀ ਜੋਤ ਦਿਖਾਈ ਦਿੰਦੀ ਹੈ। ਮੈਨੂੰ ਇੰਝ ਲੱਗਦਾ ਹੈ ਮੈਂ ਤਾਂ ਤੁਹਾਨੂੰ ਹੀ ਜਲ ਛਕਾ ਰਿਹਾ ਹਾਂ। ਕਿੰਨੀ ਬ੍ਰਹਮ ਬਿਰਤੀ ਸੀ, ਭਾਈ ਘਨੱਈਆ ਜੀ ਦੀ। ਸਭ ਵਿੱਚ ਇੱਕ ਹੀ ਜੋਤ ਨਜ਼ਰ ਆਉਣੀ।

***ਤੂੰ ਸਭਨੀ ਥਾਈ ਜਿਥੈ ਹਉ ਜਾਈ***
***ਸਾਚਾ ਸਿਰਜਣਹਾਰੁ ਜੀਉ ॥***

*(ਅੰਗ ੪੩੮)*

ਇੱਕ ਬ੍ਰਹਮ ਬਿਰਤੀ ਬਣ ਜਾਂਦੀ ਹੈ, ਹਰ ਘਟ ਵਿੱਚ ਇੱਕੋ ਹੀ ਨੂਰ ਨਜ਼ਰ ਆਉਂਦਾ ਹੈ। ਇਹ ਬੜੀ ਵੱਡੀ ਅਵਸਥਾ ਹੈ। ਭਾਈ ਘਨੱਈਆ ਜੀ ਉੱਥੇ ਪਹੁੰਚ ਚੁੱਕੇ ਸੀ। ਮਹਾਰਾਜ ਜੀ, ਮੈਂ ਤਾਂ ਤੁਹਾਨੂੰ ਪਾਣੀ ਪਿਲਾਇਆ ਹੈ। ਗੁਰੂ ਸਾਹਿਬ ਖੁਸ਼ ਹੋ ਗਏ ਤੇ ਮਲ੍ਹਮ ਤੇ ਪੱਟੀ ਵੀ ਭਾਈ ਘਨੱਈਆ ਜੀ ਦੇ ਹੱਥ ਫੜ੍ਹਾਈ ਤੇ ਨਾਲ ਹੁਕਮ ਕੀਤਾ ਕਿ ਜਿੱਥੇ ਜਲ ਦੀ ਸੇਵਾ ਨਿਭਾਉਣੀ ਹੈ, ਉੱਥੇ ਨਾਲ ਜ਼ਖਮੀਆਂ ਨੂੰ ਮਲ੍ਹਮ ਤੇ ਪੱਟੀ ਵੀ ਕਰਨੀ ਹੈ। ਗੁਰੂ ਨਾਨਕ ਮਹਾਰਾਜ ਜੀ ਦੇ ਘਰ ਦਾ ਕਿਸੇ ਨਾਲ ਵੀ ਵੈਰ ਨਹੀਂ। ਭਾਈ ਵੀਰ ਸਿੰਘ ਜੀ ਨੇ ਵੀ ਲਿਖਿਆ ਹੈ:

***ਤੈਨੂੰ ਪਿਆ ਪਿਲਾਵਾਂ ਪਾਣੀ, ਸਿਰ ਮੇਰੇ ਦੇ ਸਾਂਈਂ।***
***ਤੁਰਕ ਅਤੁਰਕ ਨਾ ਦਿਸਦਾ ਮੈਨੂੰ, ਸਾਰੇ ਤੂੰ ਦਿਸ ਆਈਂ।***
***ਤੁੱਠੇ ਤੇ ਗਲ ਲਾਇਆ ਪਿਆਰੇ, ਡੱਬੀ ਹੱਥ ਫੜਾਈ।***
***ਪਾਣੀ ਦੇ ਨਾਲ ਮਲ੍ਹਮ ਵੀ ਰੱਖ ਲੈ, ਲੋੜ ਪਏ ਤਾਂ ਲਾਈ।***

ਹਿੰਦੁਸਤਾਨ ਦੀ ਧਰਤੀ ਤੇ ਜੇ ਰੈਡ ਕਰਾਸ ਦੀ ਸ਼ੁਰੂਆਤ ਭਾਈ ਘਨੱਈਆ ਜੀ ਤੋਂ ਸ਼ੁਰੂ ਹੋਈ ਕਹਿ ਲਈਏ ਤੇ ਕੋਈ ਅਤਿਕਥਨੀ ਨਹੀਂ ਹੋਵੇਗੀ।

***

**16. ਪ੍ਰ: ਧੰਨ ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਭਾਈ (ਬਾਬਾ) ਬਿਧੀ ਚੰਦ ਜੀ ਨੂੰ ਪ੍ਰਸੰਨਤਾ ਵਿੱਚ ਕਿਹੜੇ ਬਚਨ ਕੀਤੇ ਸਨ?**

ਉ: ਧੰਨ ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਭਾਈ (ਬਾਬਾ) ਬਿਧੀ ਚੰਦ ਜੀ ਨੂੰ ਬਚਨ ਕੀਤੇ:

***ਬਿਧੀ ਚੰਦ ਛੀਨਾ। ਗੁਰੂ ਕਾ ਸੀਨਾ।***
***ਪ੍ਰੇਮ ਭਗਤ ਲੀਨਾ। ਕਦੀ ਕਮੀ ਨਾਹ।***

ਕਾਬੁਲ ਤੋਂ ਸੰਗਤ ਛੇਵੇਂ ਪਾਤਸ਼ਾਹ ਜੀ ਦੇ ਦਰਸ਼ਨਾਂ ਲਈ ਆਈ। ਉਨ੍ਹਾਂ ਵਿੱਚੋਂ ਇੱਕ ਸਿੱਖ ਜਿਸ ਦਾ ਨਾਮ ਭਾਈ ਕਰੋੜੀ ਸੀ, ਜਿਸ ਨੇ ਬਹੁਤ ਵਧੀਆ ਨਸਲ ਦੇ ਘੋੜੇ ਸਤਿਗੁਰੂ ਜੀ ਨੂੰ ਭੇਟਾ ਕਰਨ ਲਈ ਲਿਆਂਦੇ। ਇਨ੍ਹਾਂ ਦੋ ਘੋੜਿਆਂ ਦੇ ਨਾਂ ਸਨ: ਗੁਲਬਾਗ ਤੇ ਦਿਲਬਾਗ। ਰਸਤੇ ਵਿੱਚ ਆਉਂਦਿਆਂ ਲਾਹੌਰ ਦਾ ਜਿਹੜਾ ਗਵਰਨਰ ਸੀ ਅਨਾਇਤ ਉਲਾ, ਉਸ ਦੀ ਨਜ਼ਰ ਇਨ੍ਹਾਂ ਘੋੜਿਆਂ ’ਤੇ ਪੈ ਗਈ। ਉਸ ਨੇ ਘੋੜੇ ਖੋਹ ਲਏ। ਜਦੋਂ ਗੁਰੂ ਸਾਹਿਬ ਜੀ ਨੂੰ ਪਤਾ ਲੱਗਾ ਤੇ ਮਹਾਰਾਜ ਜੀ ਨੇ ਕਾਬੁਲ ਦੀ ਸੰਗਤ ਨੂੰ ਬਚਨ ਕੀਤਾ, ਤੁਹਾਡੀ ਭੇਟਾ ਗੁਰੂ ਘਰ ਪੁੱਜ ਗਈ ਹੈ ਤੇ ਭਾਈ (ਬਾਬਾ) ਬਿੱਧੀ ਚੰਦ ਜੀ ਨੂੰ ਇਹ ਘੋੜੇ ਲਿਆਉਣ ਲਈ ਹੁਕਮ ਕੀਤਾ।

ਭਾਈ (ਬਾਬਾ) ਬਿਧੀ ਚੰਦ ਜੀ ਗੁਰੂ ਸਾਹਿਬ ਪਾਸੋਂ ਆਗਿਆ ਲੈ ਕੇ ਲਾਹੌਰ ਪੁੱਜੇ। ਪਹਿਲਾਂ ਘਾਹੀ ਬਣ ਕੇ ਕਿਲ੍ਹੇ ਅੰਦਰ ਦਾਖਲ ਹੋਏ ਤੇ ਸਮਾਂ ਪਾ ਕੇ ਇੱਕ ਘੋੜਾ ਉੱਥੋਂ ਲਿਆਉਣ ਵਿੱਚੋਂ ਕਾਮਯਾਬ ਹੋ ਗਏ। ਗੁਰੂ ਸਾਹਿਬ ਜੀ ਬਹੁਤ ਪ੍ਰਸੰਨ ਹੋਏ। ਛੇਵੇ ਪਾਤਸ਼ਾਹ ਜੀ ਨੇ ਕੁਝ ਮੰਗਣ ਲਈ ਕਿਹਾ ਤੇ ਭਾਈ (ਬਾਬਾ) ਬਿਧੀ ਚੰਦ ਜੀ ਨੇ ਬੇਨਤੀ ਕੀਤੀ:

***ਸਤਿਗੁਰ ਦਾ ਅੰਗ। ਸਾਧ ਦਾ ਸੰਗ।***
***ਨਾਮ ਰੰਗ। ਨਿਸਚਾ ਅਭੰਗ।***

ਫਿਰ ਦੂਜਾ ਘੋੜਾ ਭਾਈ (ਬਾਬਾ) ਬਿਧੀ ਚੰਦ ਜੀ ਨੇ ਇੱਕ ਰਾਵਲ (ਜੋਤਸ਼ੀ) ਦਾ ਰੂਪ ਧਾਰਿਆ ਤੇ ਤਰਕੀਬ ਨਾਲ ਦੂਜਾ ਘੋੜਾ ਵੀ ਉੱਥੋਂ ਤਬੇਲੇ ਵਿੱਚੋਂ ਕੱਢ ਲਿਆਂਦਾ। ਜਦੋਂ ਦੂਜਾ ਘੋੜਾ ਮਹਾਰਾਜ ਜੀ ਦੇ ਚਰਨਾਂ ਵਿੱਚ ਹਾਜ਼ਰ ਕੀਤਾ ਤੇ ਗੁਰੂ ਸਾਹਿਬ ਜੀ ਨੇ ਭਾਈ (ਬਾਬਾ) ਬਿਧੀ ਚੰਦ ਜੀ ਨੂੰ ਪ੍ਰਸੰਨਤਾ ਦੇ ਘਰ ਵਿੱਚ ਆ ਕੇ ਛਾਤੀ ਨਾਲ ਲਗਾਇਆ ਤੇ ਨਾਲ ਬਚਨ ਕੀਤਾ:

***ਬਿਧੀ ਚੰਦ ਛੀਨਾ। ਗੁਰੂ ਕਾ ਸੀਨਾ।***
***ਪ੍ਰੇਮ ਭਗਤ ਲੀਨਾ। ਕਦੀ ਕਮੀ ਨਾਹ।***

ਜਦੋਂ ਛੇਵੇਂ ਪਾਤਸ਼ਾਹ ਜੀ ਨੇ ਕੁਝ ਹੋਰ ਮੰਗਣ ਲਈ ਕਿਹਾ ਤੇ ਇਹੀ ਬੇਨਤੀ ਕੀਤੀ:

***ਇੱਛਾ ਹੀ ਨਾ ਉਪਜੇ।***

***

ਜੀਵਨ ਇਲਾਹੀ ਜੋਤ

# ਧੰਨ ਧੰਨ ਬਾਬਾ ਨੰਦ ਸਿੰਘ ਜੀ

*—ਭਾਈ ਅਮਰੀਕ ਸਿੰਘ ਜੀ ਗਨੈਸ਼ਕ ਦੀ ਪੁਸਤਕ ਵਿੱਚੋਂ*

*ਲੜੀ ਜੋੜਨ ਲਈ 138 ਅੰਕ ਦੇਖੋ ਜੀ :-*

ਉਸ ਇਲਾਕੇ ਵਿੱਚ ਮੁਸਲਮਾਨ ਬਹੁਤੇ ਸਨ। ਕੁਝ ਪਿੰਡਾਂ ਵਿੱਚ ਤਾਂ ਹਿੰਦੂਆਂ ਅਤੇ ਸਿੱਖਾਂ ਦੀ ਗਿਣਤੀ ਬਹੁਤ ਹੀ ਘੱਟ ਸੀ। ਇੱਕ ਦਿਨ ਅਜਿਹੇ ਹੀ ਪਿੰਡ ਦੇ ਪ੍ਰੇਮੀਆਂ ਕੋਲੋਂ ਬਾਬਾ ਜੀ ਨੇ ਮੁਸਲਮਾਨਾਂ ਦੇ ਉਨ੍ਹਾਂ ਨਾਲ ਸੰਬੰਧਾਂ ਬਾਰੇ ਪੁੱਛਿਆ ਤਾਂ ਉਨ੍ਹਾਂ ਨੇ ਦੱਸਿਆ ਕਿ ਮੁਸਲਮਾਨ ਉਨ੍ਹਾਂ ਨਾਲ ਮਿੱਤਰਤਾ ਪੂਰਨ ਸੁਭਾਅ ਰੱਖਦੇ ਨੇ, ਕਿਸੇ ਵੀ ਕਿਸਮ ਦਾ ਵਿਰੋਧ ਨਹੀਂ ਕਰਦੇ ਸਗੋਂ ਗੁਰਪੁਰਬ ਜਾਂ ਕਿਸੇ ਵਿਸ਼ੇਸ਼ ਦਿਨ 'ਤੇ ਜਦੋਂ ਸ੍ਰੀ ਅਖੰਡ ਪਾਠ ਸਾਹਿਬ ਪ੍ਰਕਾਸ਼ ਕੀਤੇ ਜਾਂਦੇ ਹਨ ਤਾਂ ਸੇਵਾ ਵਿੱਚ ਹੱਥ ਵੰਡਾਉਂਦੇ ਹਨ।

"ਠੀਕ ਹੈ ਭਾਈ! ਇਵੇਂ ਹੀ ਹੋਣਾ ਚਾਹੀਦਾ ਹੈ।" ਬਾਬਾ ਜੀ ਨੇ ਪ੍ਰਸੰਨਤਾ ਨਾਲ ਕਿਹਾ, ਤੁਸੀਂ ਕਿਸੇ ਦੀ ਨਿੰਦਿਆ ਨਹੀਂ ਕਰਨੀ, ਕੋਈ ਦ੍ਵੈਤ ਭਾਵ ਨਹੀਂ ਰੱਖਣਾ। ਸਾਰਿਆਂ ਨਾਲ ਹੀ ਮਿਲਾਪ ਰੱਖਣਾ ਹੈ।"

ਧਰਮ ਦਾ ਮੰਤਵ ਪਰਮਾਤਮਾ ਨਾਲ ਮੇਲ ਕਰਾਉਣਾ ਹੈ। ਰਾਹ ਵੱਖੋ-ਵੱਖਰੇ ਹੋ ਸਕਦੇ ਨੇ, ਪਰ ਮੰਤਵ ਇੱਕ ਹੈ। ਗੁਰੂ ਸਾਹਿਬ ਨੇ ਜਿੱਥੇ ਸਿਰੇ ਦੀ ਜਮਾਤ ਦਰਸਾਈ ਹੈ, ਉੱਥੇ ਕਿਸੇ ਧਰਮ ਦਾ ਵਿਰੋਧ ਨਾ ਕਰਨ ਦੀ ਵੀ ਸਿੱਖਿਆ ਦਿੱਤੀ ਹੈ। ਪੁੱਛਿਆ ਸੀ ਨਾ ਬਾਦਸ਼ਾਹ ਬਹਾਦਰ ਸ਼ਾਹ ਜ਼ਫ਼ਰ ਨੇ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਕਿ ਧਰਮ ਕਿਹੜਾ ਚੰਗਾ ਹੈ? ਪਾਤਸ਼ਾਹ ਜੀ ਨੇ ਜਵਾਬ ਦਿੱਤਾ ਸੀ:

***ਤੁਮੇ ਤੁਮਾਰਾ ਖੂਬ, ਹਮੇ ਹਮਾਰਾ ਖੂਬ।***

ਭਾਵ ਤੈਨੂੰ ਤੇਰਾ ਚੰਗਾ ਹੈ, ਸਾਨੂੰ ਸਾਡਾ ਚੰਗਾ ਹੈ। ਹਰ ਬੰਦੇ ਨੂੰ ਆਪਣੇ ਧਰਮ 'ਤੇ ਪੱਕਾ ਰਹਿਣਾ ਚਾਹੀਦਾ ਹੈ। ਕਿਸੇ ਦੀ ਵੀ ਨਿੰਦਿਆ ਨਹੀਂ ਕਰਨੀ ਚਾਹੀਦੀ।

ਇੱਕ ਵਾਰ ਸੰਤ ਅਤਰ ਸਿੰਘ ਜੀ ਮਸਤੂਆਣੇ ਵਾਲੇ ਕਿਸੇ ਜਗ੍ਹਾ ਦੀਵਾਨ ਵਿੱਚ ਕੀਰਤਨ ਕਰਨ ਗਏ। ਆਪ ਜੀ ਗੁਰਬਾਣੀ ਦਾ ਨਿਰੋਲ ਕੀਰਤਨ ਵੀ ਕਰਿਆ ਕਰਦੇ, ਪਰ ਦੀਵਾਨਾਂ ਵਿੱਚ ਗੁਰਬਾਣੀ ਦਾ ਗੂਹਜ ਭਾਵ ਸੰਗਤਾਂ ਦੇ ਹਿਰਦੇ 'ਤੇ ਵਸਾਉਣ ਲਈ ਵਿਚਾਰ ਕਰਦਿਆਂ ਸਿੱਧੀਆਂ ਧਾਰਨਾਵਾਂ ਪੜ੍ਹਿਆ ਕਰਦੇ ਸਨ। ਉਸ ਸਥਾਨ 'ਤੇ ਕਿਸੇ ਗੱਲੋਂ ਮੁਸਲਮਾਨਾਂ ਅਤੇ ਹਿੰਦੂਆਂ ਵਿੱਚ ਝਗੜਾ ਚੱਲ ਰਿਹਾ ਸੀ। ਸੰਤ ਜੀ ਨੇ ਧਾਰਨਾ ਪੜ੍ਹੀ-ਅੱਲ੍ਹਾ ਵਾਹਿਗੁਰੂ ਰਾਮ ਨਾਮ ਇਕੋ ਹੈ, ਭਰਮਾਂ 'ਚ ਪੈ ਗੀ ਦੁਨੀਆਂ।

ਸੰਤ ਜੀ ਨੇ ਜਦ ਇਹ ਧਾਰਨਾ ਪੜ੍ਹੀ ਅਤੇ ਸੰਗਤਾਂ ਤੋਂ ਪੜ੍ਹਾਈ, ਤਾਂ ਪੜ੍ਹਨ ਅਤੇ ਸੁਣਨ ਵਾਲੇ ਹਿੰਦੂਆਂ ਅਤੇ ਮੁਸਲਮਾਨਾਂ ਦੇ ਹਿਰਦੇ ਵਿੱਚ ਗੱਲ ਬੈਠ ਗਈ। ਉਹ ਝਗੜਾ ਉਸੇ ਦਿਨ ਹੀ ਮੁਕ ਗਿਆ। ਇਸ ਤਰ੍ਹਾਂ ਸੱਚ ਨਾਲ ਜੋੜਿਆ ਕਰਦੇ ਨੇ ਰੱਬ ਦੇ ਪਿਆਰੇ।

ਇੱਕ ਦਿਨ ਬਾਬਾ ਜੀ ਦੀ ਉਂਗਲ 'ਤੇ ਇੱਕ ਫਿਣਸੀ ਨਿਕਲ ਆਈ। ਮੁੱਖੀ ਸੰਗੀ ਡਾਕਟਰ ਨੂੰ ਲੈ ਆਏ। ਡਾਕਟਰ ਨੇ ਉਂਗਲ ਦੇਖ ਕੇ ਕਿਹਾ, "ਬਾਬਾ ਜੀ ਚੀਰਾ ਦੇਣਾ ਪੈਸੀ।"

ਬਾਬਾ ਜੀ ਦੀ ਇਜਾਜ਼ਤ ਮਿਲਣ 'ਤੇ ਉਸਨੇ ਚੀਰਾ ਦੇ ਦਿੱਤਾ। ਪੱਟੀ ਆਦਿ ਕਾਹਲੀ ਵਿੱਚ ਆਉਣ ਕਰਕੇ ਨਾਲ ਲੈ ਕੇ ਆਉਣਾ ਭੁੱਲ ਗਿਆ ਸੀ। ਇਧਰ-ਉਧਰ ਕਿਸੇ ਲੀਰ ਵਾਸਤੇ ਦੇਖਣ ਲੱਗਾ। ਕੋਲ ਹੀ ਤੀਰਥ ਸਿੰਘ ਖੜਾ ਸੀ। ਮਨਮੌਜੀ ਸੁਭਾਅ ਦਾ ਬੰਦਾ ਸੀ ਪਰ ਬਾਬਾ ਜੀ ਨਾਲ ਪ੍ਰੇਮ ਵੀ ਬਹੁਤ ਸੀ। ਬਾਬਾ ਜੀ ਨਾਲ ਬਚਨ ਬਿਲਾਸ ਕਰ ਲੈਂਦਾ। ਕਦੇ-ਕਦੇ ਬਾਬਾ ਜੀ ਨੂੰ ਚੁੱਕ ਵੀ ਲੈਣਾ, ਪਰ ਬਾਬਾ ਜੀ ਉਸ ਦੀਆਂ ਇਨ੍ਹਾਂ ਗੱਲਾਂ ਨੂੰ ਅਣਡਿੱਠ ਕਰ ਦਿੰਦੇ ਸਨ। ਇਹ ਕੀ ਭੇਦ ਸੀ, ਬਾਬਾ ਜੀ ਹੀ ਜਾਨਣ ਕਿਉਂਕਿ ਕਿਸੇ ਹੋਰ ਦੀ ਐਸਾ ਕਰਨ ਦੀ ਜੁਰਤ ਨਹੀਂ ਸੀ।

ਤੀਰਥ ਸਿੰਘ ਨੇ ਝੱਟ ਪੱਗ ਦੇ ਲੜ ਤੋਂ ਲੀਰ ਪਾੜ ਕੇ ਬਾਬਾ ਜੀ ਦੀ ਉਂਗਲ 'ਤੇ ਬੰਨ੍ਹ ਦਿੱਤੀ।

"ਓ! ਇਹ ਕੀ ਕੀਤਾ ਈ?" ਬਾਬਾ ਜੀ ਨੇ ਬਚਨ ਕੀਤਾ। "ਤੁਹਾਡੇ ਨਾਲੋਂ ਕੀ ਪੱਗ ਚੰਗੀ ਏ!" ਉਸਦਾ ਜਵਾਬ ਸੁਣ ਕੇ ਬਾਬਾ ਜੀ ਮੁਸਕਰਾ ਪਏ।

"ਇੱਕ ਵਾਰ ਕ੍ਰਿਸ਼ਨ ਜੀ ਪਰਖ ਕਰਨੇ ਲਈ ਕਾਨੇ ਦੀ ਕਲਮ ਘੜਣ ਲੱਗੇ।" ਬਾਬਾ ਜੀ ਸਾਖੀ ਸੁਣਾਉਣ ਲੱਗੇ, "ਕਲਮ ਘੜਦਿਆਂ ਪਰਖ ਕਰਨੇ ਲਈ ਆਪਣੀ ਉਂਗਲ ਕੱਟ ਲਈ। ਹੁਣ ਖ਼ੂਨ ਵਗਦਾ ਹੈ। ਸਾਰਿਆਂ ਨੇ ਵੇਖਿਆ। ਕੋਈ ਕੁਝ ਭਾਲਦਾ ਹੈ, ਕੋਈ ਕੁਝ ਟੋਲਦਾ ਹੈ। ਦਰੋਪਤੀ ਵੀ ਕੋਲ ਖੜ੍ਹੀ ਸੀ। ਉਹਨੇ ਕੀ ਕੀਤਾ, ਝੱਟ ਆਪਣੀ ਸਾੜ੍ਹੀ ਦੇ ਲੜ 'ਚੋਂ ਚੱਕ ਮਾਰ ਕੇ ਲੀਰ ਪਾੜ ਲਈ ਤੇ ਕ੍ਰਿਸ਼ਨ ਜੀ ਦੀ ਉਂਗਲ 'ਤੇ ਬੰਨ੍ਹ ਦਿੱਤੀ। ਕ੍ਰਿਸ਼ਨ ਜੀ ਬਹੁਤ ਪ੍ਰਸੰਨ ਹੋਏ। ਹੈ ਨਾ ਭਾਵਨਾ।"

ਮਘਿਆਣੇ ਤੋਂ ਇੱਕ ਨੌਜਵਾਨ ਪ੍ਰੇਮੀ ਭਾਈ ਸਾਹਿਬ ਸਿੰਘ ਬਾਬਾ ਜੀ ਪਾਸ ਰੋਜ਼ ਦੁੱਧ ਲੈ ਕੇ ਆਇਆ ਕਰਦਾ ਸੀ। ਬੜੇ ਭੋਲੇ ਸੁਭਾਅ ਦਾ ਸੀ। ਇੱਛਾ ਹੁੰਦੀ ਸੀ ਕਿ ਬਾਬਾ ਜੀ ਦੁੱਧ ਛਕਣ। ਸੇਵਾਦਾਰ ਨੂੰ ਦੇ ਦੇਣਾ। ਸ਼ਾਮ ਨੂੰ ਘਰ ਮੁੜ ਜਾਣਾ। ਕਈ ਵਾਰ ਘਰ ਜਾਣ ਨੂੰ ਥੋੜ੍ਹਾ ਚਿਰ ਵੀ ਹੋ ਜਾਣਾ, ਕਦੇ ਛੇਤੀ ਵੀ ਚਲੇ ਜਾਣਾ।

ਇੱਕ ਦਿਨ ਮਨ ਵਿੱਚ ਖਿਆਲ ਆਇਆ ਪਤਾ ਨਹੀਂ ਬਾਬਾ ਜੀ ਨੂੰ ਸੇਵਾਦਾਰ ਦੱਸਦਾ ਵੀ ਹੈ ਜਾਂ ਨਹੀਂ ਕਿ ਦੁੱਧ ਕੌਣ ਲਿਆਇਆ ਹੈ। ਇਹ ਖਿਆਲ ਇਹ ਜਤਾਉਣ ਲਈ ਨਹੀਂ ਸੀ ਕਿ ਉਹ ਸੇਵਾ ਕਰਦਾ ਹੈ, ਸਗੋਂ ਭੋਲਾ ਜਿਹਾ ਖਿਆਲ ਸੀ ਕਿ ਦਾਸ 'ਤੇ ਵੀ ਬਾਬਾ ਜੀ ਦੀ ਦ੍ਰਿਸ਼ਟੀ ਪੈ ਜਾਵੇ। ਸੋਚਦਿਆਂ-ਸੋਚਦਿਆਂ ਖਿਆਲ ਆਇਆ ਪਤਾ ਨਹੀਂ ਬਾਬਾ ਜੀ ਦੁੱਧ ਛਕਦੇ ਹੀ ਨਾ ਹੋਣ।

ਅਗਲੇ ਦਿਨ ਮਿੱਠੀਆਂ ਖਜੂਰਾਂ ਬਣਾ ਕੇ ਲੈ ਆਇਆ। ਸੇਵਾਦਾਰ ਨੂੰ ਦੇ ਦਿੱਤੀਆਂ। ਸ਼ਾਮ ਦੇ ਦੀਵਾਨ ਦਾ ਸਮਾਂ ਹੋਣ ਹੀ ਵਾਲਾ ਸੀ ਜਦ ਉਸਨੂੰ ਬਾਬਾ ਜੀ ਨੇ ਸੇਵਾਦਾਰ ਰਾਹੀਂ ਸੱਦ ਲਿਆ। ਬੜਾ ਹੈਰਾਨ ਹੋਇਆ।

"ਦੁੱਧ ਕਿੱਥੇ ਈ?" "ਜੀ ਅੱਜ ਲੈ ਕੇ ਨਹੀਂ ਆਇਆ। ਖਜੂਰਾਂ ਲੈ ਕੇ ਆਂਦੀਆਂ ਨੇ।"

"ਨਾ ਭਾਈ ਤੂੰ ਕੱਲ ਦੁੱਧ ਲੈ ਕੇ ਆਉਣਾ।" ਬਾਬਾ ਜੀ ਨੇ ਬਚਨ ਕੀਤਾ, "ਕੌਣ ਲਿਆਇਆ ਐ ਤੇ ਕੈਸੀ ਕਮਾਈ 'ਚੋਂ ਲਿਆਇਆ ਐ, ਜਾਣੇ ਬਿਨਾਂ ਭੋਗ ਨਹੀਂ ਲਵਾਇਆ ਜਾਂਦਾ। ਭਾਵਨਾ ਵਾਲੇ ਨੂੰ ਤਾਂ ਦੱਸਣ ਦੀ ਲੋੜ ਹੀ ਨਹੀਂ ਹੁੰਦੀ। ਸਤਿਗੁਰੂ ਜੀ ਸਭ ਜਾਣਦੇ ਹਨ।"

ਹੁਣ ਉਸਦੀ ਸ਼ੰਕਾ ਨਵਿਰਤ ਹੋ ਗਈ ਸੀ।

*—ਚਲਦਾ*

***

# ਅਨਮੋਲ ਬਚਨ

ਲੜੀ ਜੋੜਨ ਲਈ 138 ਅੰਕ ਦੇਖੋ ਜੀ :-

## ਧੰਨ ਧੰਨ ਬਾਬਾ ਨੰਦ ਸਿੰਘ ਜੀ

ਗੁਰੂ ਦੀ ਦਿਆਲਤਾ ਇੰਨੀ ਵੱਡੀ ਹੈ ਕਿ ਜੇ ਗੁਰੂ ਦਿਆਲ ਹੋ ਜਾਵੇ ਨਾ ਜਿਉਂਦਿਆਂ ਪਿੱਠ ਲੱਗਣ ਦਿੰਦਾ ਹੈ ਤੇ ਨਾ ਮਰਨ ਤੋਂ ਬਾਅਦ ਪਿੱਠ ਲੱਗਣ ਦਿੰਦਾ ਹੈ।

278

ਸੰਗ੍ਰਹਿ ਕਰਤਾ -ਸੰਪਾਦਕ

ਕਈ ਵਾਰ ਇੱਕ ਦਿਨ ਦਾ ਟੁੱਟਿਆ ਹੋਇਆ ਅੰਮ੍ਰਿਤ ਵੇਲਾ ਸੱਤ-ਸੱਤ ਦਿਨ ਕਾਬੂ ਨਹੀਂ ਆਉਂਦਾ।

279

## ਧੰਨ ਧੰਨ ਬਾਬਾ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲੇ

112

ਸਾਧੂ ਤੇ ਉਡੀਕਦੇ ਹਨ ਕੋਈ ਵਸਤੂ ਸੰਭਾਲਣ ਵਾਲਾ ਆਵੇ।

113

ਵਸਤੂ ਅਧਿਕਾਰੀ ਨੂੰ ਹੀ ਪ੍ਰਾਪਤ ਹੁੰਦੀ ਹੈ।

—ਭਾਈ ਅਮਰੀਕ ਸਿੰਘ ਗਨੈਸ਼ਕ

# जीवित माता-पिता को पूछते ना पानी, मृतकों के श्राद्ध करते



–भाई पाल सिंह

सबसे पहले परमात्मा ही जीव का माता–पिता है। उसके बाद वह माता–पिता जिनके द्वारा हम दुनिया में आए तथा उनके द्वारा वाहिगुरु ने हमारी पालना करवाई। परमात्मा जो सब से पहले हमारा माता–पिता है, उसकी सेवा तो नाम जपने से ही हो सकती है।

*हरि की टहल कमावणी जपीऐ प्रभ का नामु।।*

*(अंग ३००)*

जिस माता–पिता ने हमारा पालन–पोषण किया है, पुत्र का फर्ज़ है अंतिम श्वासों तक उनकी सेवा करे। बच्चा अपने माता–पिता का एक दिन का भी कर्ज़ नहीं उतार सकता। जब परमात्मा के हुक्म से यह जीव माता के गर्भ में ठहरता है तो माता आशावान होती है। माता स्वादिष्ट व्यंजन नहीं खाती तथा धीरे–धीरे धरती पर पैर टिकाती है कि पेट में मेरे बच्चे को कोई तकलीफ ना हो। तकरीबन दस महीने माँ पेट में रख कर बड़ी पीड़ा सहन करके प्यारे पुत्र को जन्म देती है:

*मात पिता मिलि निंमिआ*
*आसावंती उदरु मझारे।*
*रस कस खाइ निलज होइ*
*छुह छुह धरणि धरै पग धारे।*
*पेट विचि दस माह रखि पीड़ा*
*खाइ जणै पुतु पिआरे।*

*(वार ३७, पउड़ी १०)*

पुत्र को जन्म देकर माँ बड़े कष्टों से उसको पालती है। संयम से खाना–पीना खाती है। स्वयं गीली जगह पर सोती है और बच्चे को सूखी जगह पर सुलाती है। माँ बच्चे को घुट्टी देती है, माँ बच्चे को सुंदर–सुंदर कपड़े तथा पौष्टिक भोजन से पालती है।

*जण कै पालै कसट करि*
*खान पान विचि संजम सारे।*
*गुढ़ती देइ पिआलि दुधु*
*घुटी वटी देइ निहारे।*

*(वार ३७, पउड़ी १०)*

माँ कठिनाई सह कर भी बच्चे को पढ़ाती है। पंडित के पास पढ़ने भेजती है। अपना कमाया हुआ धन बच्चे पर लगाती है। इस तरह माता–पिता अपने सिर से कर्जा उतार कर सुरखरु होते हैं:

*छादनु भोजनु पोखिआ*
*भदणि मंगणि पढ़नि चितारे।*
*पांधे पासि पढ़ाइआ*
*खटि लुटाइ होइ सुचिआरे।*

*उरिणत होइ भारु उतारे ॥१०॥*

*(वार ३७, पउड़ी १०)*

अब पुत्र का क्या फर्ज़ बनता है? माता–पिता की अच्छी तरह सेवा करके इस उपकार का भार सिर से उतारे तभी माता–पिता के ऋण से छुटकारा होता है। पर अफसोस! बहुत से लोग जीवित माता–पिता हो तो पानी तक नहीं पूछते पर मरने के बाद अपनी लाज रखने के लिए खीर–पूड़ियों के श्राद्ध पर एक पत्तल पर भोजन डाल कर कौओं, कुत्तों को भी डाला जाता है।

भगत कबीर जी कहते हैं बेचारे पितृ (पूर्वज) वह श्राद्धों का भोजन कैसे हासिल करें? वह तो कौए, कुत्ते खा जाते हैं:

*जीवत पितर न मानै कोऊ*
*मूएं सिराध कराही॥*
*पितर भी बपुरे कहु किउ*
*पावहि कऊआ कूकर खाही॥१॥*

*(अंग ३३२)*

श्री गुरु नानक देव जी फुरमाते हैं लोग बुजुर्गों के मर जाने के बाद पत्तलों में भोजन डाल कर कौओं को बुलाते हैं और उनको भोजन डालते हैं पर पितृ बेचारे को कुछ नहीं मिलता, अंधविश्वासी लोगों ने कौओं को परलोक में भोजन का पार्सल पहुँचाने वाला पता नहीं क्यों डाकिया समझ लिया है। इन मन के पीछे लगने वाले मनमुखों का जगत के अंधे कामों से अंधों वाला प्यार है। इसलिए गुरु की शरण आए बिना सारा संसार डूबता जा रहा है:

*आइआ गइआ मुइआ नाउ॥*
*पिछै पतलि सदिहु काव॥*
*नानक मनमुखि अंधु पिआरु॥*
*बाझु गुरु डूबा संसारु॥२॥*

*(अंग १३८)*

एक स्त्री अपने पति का श्राद्ध खिलाने लगी तो पत्तल के ऊपर खीर डाल कर छत्त पर रख दी और स्वयं थोड़ी दूर बैठ कर देखने लग पड़ी। इतने में एक कौआ आया तथा स्त्री को बैठा देख कर डरता हुआ उड़ जाया करे। स्त्री ने पड़ोसन को कहा कि इस कौए के रूप में जरूर मेरा पति ही होगा, क्योंकि जब वह जीवित था तब भी मुझ से डरता था और मर कर भी डर रहा है।

इतने में पड़ोसन ने भी पत्तल में खीर डाल कर रख दी तो यही कौआ झटपट उसकी खीर खाने लग पड़ा। यह देख कर स्त्री रोने लग गई कि जब यह जीवित थे, मेरे हाथों की चीज़ पसंद नहीं करते थे। अब मर कर भी इनकी यह आदत नहीं गई।

सतिगुरु जी अपनी बाणी में उपदेश देते हैं कि जो कुछ जीव हाथों से कमाई करके दान पुण्य कर जाए, वही दरगाह में प्राप्त होता है।

***नानक अगै सो मिलै जि खटे घाले देइ॥१॥***

*(अंग ४७२)*

***नानक एथै कमावै सो मिलै अगै पाए जाइ॥१॥***

*(अंग ५५६)*

सो गुरमति में श्राद्ध करने की आज्ञा नहीं। इसलिए जीवित बुजुर्गों का आदर–मान करना

बड़ा जरूरी है।

शिमला की एक स्त्री है, उसका बुजुर्ग ससुर सुबह 2 बजे उठ कर परमात्मा से जुड़ने वाला था, अचानक उस को चोट लग गई। वह अपनी पुत्रवधु से कहने लगा– बेटी अब पहाड़ी से नीचे जा कर स्नान कैसे करुँगा? पुत्रवधु सेवा भाव वाली थी, उसने कहा, पिता जी! कोई बात नहीं मैं जो आपकी बेटी हूँ, मैं उठा कर स्नान करवा लाऊँगी। कहते उस पुत्रवधु ने ससुर की बड़ी सेवा की। जब ससुर का अंतिम समय आया तो उसने किसी रिश्तेदार को पास नहीं बुलाया। अपनी पुत्रवधु को पास बुलाया तथा आशीष दी कि बेटी तुम ने मेरी बड़ी सेवा की है। जो मुझ से मेरे गुरु ने सिमरन की सेवा ली है उसका सारा फल तेरी झोली में डालता हूँ। उस स्त्री ने एक गुरमुख प्यारे को स्वयं वचन सुनाया कि उस समय ही मेरे अंदर सिमरन की लहर चलने लग पड़ी थी।

सो, जिस घर में बुजुर्गों की सेवा की जाती है, उस को अड़सठ तीर्थों का फल घर पर ही मिल जाता है। परमात्मा ने पुत्र–पुत्री, इसीलिए पैदा किए होते हैं कि जब प्राणी वृद्ध हो जाता है, उसकी संभाल करें।

***बिरधि भइआ ऊपरि साक सैन।।***
***मुखि अपिआउ बैठ कउ दैन।।***

*(अंग २६६)*

पर माता–पिता को भुलाकर जो अड़सठ तीर्थों पर स्नान करता है, वह भंवर में गोते खाता है, वह 84 लाख योनियों में घूमता है। ऐसे खोटे पुत्र ने गुरु परमेश्वर को याद नहीं किया:

***मां पिउ परहरि न्हावणा***
***अठसठि तीरथ घुंमणवाणी।***
***मां पिउ परहरि करै दान***
***बेईमान अगिआन पराणी।***
***मां पिउ परहरि वरत करि***
***मरि मरि जंमै भरमि भुलाणी***
***गुरु परमेसरु सारु न जाणी।।१३।।***

*(वार ३७, पउड़ी १३)*

इस वार का भाव है कि जो माता–पिता की सेवा नहीं करता। उसके और किए कर्म सब निष्फल होते हैं और उस पर प्रभु प्रसन्न नहीं होता। वह बहुत बुरे लक्ष्णों वाला होता है। ऐसे कुपुत्र की चाहे परिवार में पूछ नहीं होती फिर भी माता–पिता उसको छोड़ नहीं सकतेः

***वंसि कपूतु कुलछणा छडै बणै न विचि समावै।***

*(वार ३२, पउड़ी ६)*

कुपुत्र तो ठण्डे–गर्म कोयले की तरह है, यदि गर्म हो तो हाथ जलाता है और ठण्डा हो तो हाथ काले करता हैः

***ठंढा तता कोइला काला करि कै हथु जलावै।***

*(वार ३२, पउड़ी ६)*

गर्भवती होकर माँ अपने मन में यह सोचती है कि मेरा सुपुत्र बड़ा होकर मुझे सुख देगा। सेवा करेगा, पर यदि उस गुणों में से एक भी गुण न हो, कुपुत्र ही निकले तो भाई साहिब कहते हैं ऐसे पुत्र से तो बेटी अच्छी है। कम से कम पराया घर तो बसाएगी, पर यदि बेटी सास–ससुर की सेवा न करे तो फिर नागिन

अच्छी है, जिसने बच्चे तो पैदा किए पर साथ ही खा गई। यदि न खाती तो कीड़ों की तरह सांप चलने थे। नागिन का यह बहुत बड़ा परोपकार था:

*मां गभणि जीअ जाणदी*
*पुतु सपुतु होवै सुखदाई।*
*कुपुतहु धी चंगेरड़ी*
*पर घर जाइ वसाइ न आई।*
*धीअहु सप सकारथा जाउ*
*जणेंदी जणि जणि खाई।*

*(वार ३७, पउड़ी २४)*

एक माता ने रिश्तेदारों को विनती करके अपने पुत्र का विवाह कर दिया कि चार दिन मैं भी बहू की पकाई खा लूँ। महीने बाद ही बहू–बेटा माँ से झगड़ कर अलग हो गए और माँ को एक अलग कमरा जिसका मुँह बाहर की ओर था, दे दिया कि स्वयं खाए और स्वयं पकाए।

दास ने आँखों से देखा कि बहू पाव दूध चाय बनाने के लिए मूल्य देती थी। माता छड़ी के आसरे चलती थी। उसको रिश्तेदारों ने बहुत समझाया कि हमारे पास आ जाओ। हम तेरी सेवा करेंगे पर वह कहती है मैं यहाँ ही ठीक हूँ। कोई बात नहीं मेरा पुत्र मेरी बात नहीं पूछता लेकिन मेरी आँखों के सामने चलता–फिरता तो नज़र आता है। पूत कुपूत हो जाते हैं पर माता–पिता कुमापे नहीं होते। जब पुत्र जवान होता है तो माता–पिता उसकी सगाई करके बड़े खुश होते हैं। इस खुशी में माता गीत गाती है। जब पुत्र का विवाह हो जाता है तो माँ प्रसन्न होकर गीत गाती है। बहू–बेटे की जोड़ी देखकर माता मन्नत मांगती है कि यह जोड़ी सुखी रहे:

*माता पिता अनंद विचि*
*पुतै दी कुड़माई होई।*
*रहसी अंग न मावई*
*गावै सोहिलड़े सुख सोई।*
*विगसी पुत विआहिऐ*
*घोड़ी लावां गाव भलोई।*
*सुखां सुखै मावड़ी*
*पुतु नूंह दा मेल अलोई।*

*(वार ३७, पउड़ी ११)*

पर यदि बहू अच्छी न हो तो अपने पति को कुमति देती है कि बहू व बेटा खिलाफ हो जाते हैं। माता बहुत दुखी होती है। माता–पिता के लाखों उपकारों को भुला कर कुपुत्र ने माता–पिता से झगड़ा पैदा कर लिया। चाव से पाले पुत्र ने माता–पिता को कोई सुख न दिया। भाई गुरदास जी कहते हैं कोई विरला ही श्रवण जैसा पुत्र माता–पिता की सेवा करता है।

*नुंहु नित कंत कुमंतु देइ*
*विहरे होवहि ससु विगोई।*
*लख उपकारु विसारि कै*
*पुत कुपुति चकी उठि झोई।*
*होवै सरवण विरला कोई ॥११॥*

*(वार ३७, पउड़ी ११)*

श्रवण के माता–पिता अंधे थे। उसकी पत्नी श्यामवती रोज अपने पति को कहती हम मेरे

पिता के महलों में चल देते हैं पर श्रवण ना माना। इस पर श्यामवती ने श्रवण के माता–पिता को दुखी करना शुरू कर दिया। एक दिन श्रवण ने देखा मेरे माता–पिता धूप में बैठे हैं। किसी ने उनकी चारपाई छांव में न की। श्रवण ने अपनी पत्नी को बहुत डांटा जिससे नाराज होकर वह अपने मायके चली गई और श्रवण स्वयं अपने माता–पिता की सेवा करने लग गया। माता–पिता की इच्छानुसार तीर्थ–यात्रा करवाने चल दिया। एक जगह जंगल में माता–पिता को बहुत प्यास लगी तो वहंगी रखकर पानी भरने गया। राजा दशरथ ने वन–जीव समझ कर तीर चलाया जो श्रवण की छाती में लगा। राजा यह देखकर बहुत पश्चाताप कर रहा था। तीर लगने से श्रवण चाहे तड़प रहा था प्राण निकलने ही वाले थे पर उसको अपने प्राणों से ज्यादा चिंता प्यासे माता–पिता की थी। उसने कहा– राजन! मेरी छाती में से तीर चाहे बाद में निकालना, यहाँ से थोड़ी दूर मेरे माता–पिता प्यासे बैठे हैं, पहले उनको पानी पिला दोः

***होवै सरवण विरला कोई॥११॥***

*(वार ३७, पउड़ी ११)*

भाई गुरदास जी कहते हैं, कई स्त्रियां अपने पति पर ऐसा जादू करती हैं कि उन्होंने जन्म के बाद ईश्वर को तो भुलाया ही होता है, विवाह के बाद माता–पिता को भी भुला देते हैं। माता–पिता मन्नत माँगकर कई तरह के शगुन करके पुत्र का विवाह करते हैं परन्तु बहू अपने पति को ऐसी मति देती है कि पुत्र अपने माता–पिता को छोड़कर बड़े हत्यारों वाला काम करता है।

***कामणि कामणिआरीऐ***
***कीतो कामणु कंत पिआरे।***
***जंमे सांई विसारिआ***
***वीवाहिआ मां पिओ विसारे।***
***सुखां सुखि विवाहिआ***
***सउणु संजोगु विचारि विचारे।***
***पुत नूहैं दा मेलु वेखि***
***अंग ना मावनि मां पिउ वारे।***
***नूंह नित मंत कुमंत देइ***
***मां पिउ छडि वडे हतिआरे।***
***वख होवै पुतु रंनि लै***
***मां पिउ दे उपकारु विसारे।***
***लोकाचारि होइ वडे कुचारे॥१२॥***

*(वार ३७, पउड़ी १२)*

औलाद से कभी ऐसा काम नहीं होना चाहिए, जिससे माता–पिता का दिल दुखी हो। जो माता–पिता को दुखी करके झगड़ा–कलेश करके अलग होते हैं, वे पापी और कुपूत हैं।

जब चौथे पातशाह जी ने बड़े पुत्र पृथी चंद को छोड़कर छोटे सुपुत्र श्री गुरु अर्जुन देव जी को गद्दी पर बिठाया तो पृथी चंद ने बहुत झगड़ा किया। तब सतिगुरु जी ने समझाया– पुत्र! जिस माँ–बाप ने जन्म देकर पाल–पोस कर बड़ा किया है, उनसे झगड़ा करना बड़ा पाप है। श्री गुरु रामदास पिता जी ने उस समय शब्द उच्चारण किया थाः

***काहे पूत झगरत हउ संगि बाप॥***
***जिन के जणे बडीरे तुम हउ***

***तिन सिउ झगरत पाप ॥१॥ रहाउ ॥***

*(अंग १२००)*

जब पिता महिता कालू जी ने धन्य गुरु नानक पातशाह जी को थप्पड़ मारा था तो 33 करोड़ देवते गुरु जी को कह रहे थे, हमने आप जी के पिता को पूछना है थप्पड़ क्यों मारा है? तो गुरु जी ने कहा– कोई बात नहीं पिता परमेश्वर जैसा होता है। परमेश्वर के थप्पड़ों का किसलिए गुस्सा करें। बुजुर्गों का आदर करना तो कोई गुरु नानक महाराज जी से सीखे। इसलिए जीते–जी माता–पिता की सेवा करनी चाहिए।

एक लड़का सरमुख सिंघ बाबा नंद सिंघ जी के पास लाहौर में आया और विनती की मैं बी.ऐ. का पेपर देकर आया हूँ। रिजलट आने तक यहाँ सेवा करना चाहता हूँ। बाबा जी ने उसे सेवा में लगा लिया और इसको बड़ा रंग लग गया। अच्छे नंबर लेकर पास हुआ तो प्रसाद लेकर आया और साथ ही विनती की– बाबा जी! मैंने जो पढ़ाई करनी थी, सो कर ली, अब यहाँ अपने चरणों में रखो।

यह सुनकर बाबा जी ने प्यार से समझाया कि जिन माता–पिता ने इतनी मुश्किल से पढ़ाई करवाई हो और वृद्ध माता–पिता की सेवा न करें तो माता–पिता की स्वाभाविक ही बददुआ लग जाती है, जो तुझे हमारी की हुई सेवा भी कबूल नहीं होने देगी। इस तरह उपदेश देकर लाहौर भेजा। भाई गुरदास जी भी कहते हैं कि जो पुत्र माता–पिता को त्याग कर वेद सुनता है, वह वेदों की कथा–कहानियों का भेद नहीं समझ सकता। जो पुत्र माता–पिता को त्याग कर वन में जाकर तप करता है, वह भटकता फिरता है। जो पुत्र माता–पिता को छोड़कर देवी–देवताओं की पूजा करता है, उसकी सेवा को देवी–देवते स्वीकार नहीं करते कि जिस माँ ने दस महीने पेट में रखकर दुख–तकलीफें सहन किए, तू उसका नहीं बना तो हमारा कैसे बनेगा?

***मां पिउ परहरि सुणै वेदु***
***भेदु न जाणै कथा कहानी।***
***मां पिउ परहरि करै तपु***
***वणखंडि भुला फिरै बिबाणी।***
***मां पिउ परहरि करै पूजु***
***देवी देव न सेव कमाणी।***

*(वार ३७, पउड़ी १३)*

अगर हर माँ चाहती है कि मेरे घर सुपुत्र ही पैदा हो तो सतिगुरु जी कहते हैं, यह भी माँ–बाप के वश की बात है कि उन्होंने आज्ञाकारी पुत्र पैदा करना है कि दुराचारी। कलगीधर पातशाह जी आप कहते हैं मेरे माँ–बाप ने प्रभु की बहुत आराधना की और परमेश्वर ने प्रसन्न होकर मुझे उनके घर भेज दिया।

***तात मात मुर अलख अराधा ॥***
***बहु बिधि जोग साधना साधा ॥***
***तिन जो करी अलख की सेवा ॥***
***तांते भए प्रसंन गुरदेवा ॥***

*(बचित्र नाटक पा॰ १०)*

माँ धार्मिक हो, पिता धार्मिक हो, वहाँ

धार्मिक रूह जन्म लेगी। माँ के ख्याल शुद्ध हैं तो आने वाली औलाद के ख्याल भी शुद्ध होंगे। माता–पिता शराबी–कबाबी हैं तो बच्चे कहाँ नाम के रसिया पैदा होंगे। इसलिए श्री गुरु रामदास जी कहते हैं जिनके हृदय में प्रभु का नाम ही नहीं बसा, ऐसी माँ जिसने उस बच्चे को जन्म दिया, बेहतर था कि बांझ ही रहती:

*जिन हरि हिरदै नामु न बसिओ*
*तिन मात कीजै हरि बांझा।।*

*(अंग ६६७)*

देखो, नाम पुत्र ने नहीं जपा पर गिला माँ पर ही किया है। भक्त कबीर जी भी माँ को डांट रहे हैं कि जिस कुल में, जिसके घर में ऐसा पुत्र जन्मा है, जिसने प्रभु प्राप्ति का ज्ञान–चिंतन नहीं किया, ऐसे पुत्र को जन्म देने वाली विधवा ही रहती तो अच्छा था।

*जिह कुलि पूतु न गिआन बीचारी।।*
*बिधवा कस न भई महतारी।।१।।*

*(अंग ३२८)*

भक्त तुलसीदास जी का भी यही ख्याल है और कहते हैं, हे माँ! भक्त पैदा कर। यदि भक्त पैदा नहीं कर सकती तो दाता (दानी) पैदा कर। यदि वह भी नहीं तो सूरमा। यदि इन तीनों में से एक को भी पैदा नहीं कर सकती तो फिर बांझ ही रह।

***जननी जने ता भगत जन कै दाता कै सूर।***
***नही ता जननी बांझ रहे काहे गवावै नूर।***

माता प्रभु की बंदगी करने वाली हो तो प्रभु पवित्रात्मा ही भेजेगा, क्योंकि पवित्रात्मा को जन्म देने के लिए घर का माहौल अच्छा होना चाहिए। इसलिए माताओं को चाहिए कि स्वयं भी पाठ करें, नाम–सिमरन करें और अपनी बेटी–बेटों को भी पाठ सिखाएं।

***सिक्ख सिखनी मिलि बहे चरचा करे अपार।***
***भजन सिखावे पुतर को नित भजि बारंबार।***

*(श्री गुर प्रताप सूरज ग्रंथ)*

ऐसे बच्चे अवश्य प्रभु की रज़ा में चलने वाले हो जाते हैं, उनका आगमन सफल हो जाता है। वे स्वयं पार होते और अपनी कुल का भी उद्धार करवा देते हैं। ऐसे बच्चे को जन्म देने वाली माँ धन्य है।

***तिन का जनमु सफलु है जो चलहि सतगुर भाइ।।***
